# ੴ ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ    ਮੁੱਲ : 10 ਰੁਪਏ    ਨਵੰਬਰ 1996

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 11 ਸਾਲ ਅੱਠਵਾਂ ਨਵੰਬਰ 1996



ਤੁਹਾਡੇ ਪੱਤਰ 2

ਕਰਉ ਬੇਨੰਤੀਆ 3

ਰਬਾਬ ਮੰਗਾਉਨ ਦਾ ਵਿਰਤਾਂਤ
- ਗਿ: ਦਿੱਤ ਸਿੰਘ 4

ਗੁਰਦੁਆਰਾ ਸੁਧਾਰ ਲਹਿਰ ਤੇ ਭਾਈ ਹੀਰਾ ਸਿੰਘ ਰਾਗੀ
- ਡਾ: ਕੁਲਦੀਪ ਸਿੰਘ ਹਉਰਾ 6

ਸਤਰੰਗੀ ਪੀਂਘ ਦੇ ਰੰਗ
- ਸੁਰਜੀਤ ਸਿੰਘ ਮਰਜਾਰਾ 10

ਉਦੱਮੀ ਸੰਗੀਤਕਾਰ ਡਾ. ਜਸਵੰਤ ਸਿੰਘ
- ਪ੍ਰੋ. ਸਤਵਿੰਦਰ ਸਿੰਘ 12

ਬਾਬੀਹਾ ਅੰਮ੍ਰਿਤ ਵੇਲੇ ਬੋਲਿਆ
- ਭਾਗਵੰਤ ਕੌਰ 13

"ਗੁਰਬਾਣੀ ਸੰਗੀਤ ਦਰਪਣ" ਪੁਸਤਕ ਰਿਲੀਜ਼ ਸਮਾਰੋਹ 15

ਗੁਰਮਤ ਸੰਗੀਤ ਬਾਰੇ ਪੁਸਤਕਾਂ 17

ਸੰਗੀਤ ਲਿਪੀ ਵਾਲੇ ਸ਼ਬਦਾਂ ਦੇ ਅਰਥ
- ਪ੍ਰਿੰ: ਸਾਹਿਬ ਸਿੰਘ 19

ਰਾਗ ਬਿਹਾਗ
- ਪੰਡਤ ਰਾਮ ਚੰਦਰ ਤਿਰਵੇਦੀ 20

ਰਾਗ ਤਿਲੰਗ
- ਪ੍ਰੋ. ਕਰਤਾਰ ਸਿੰਘ 21

ਡਾਇਰੀ ਜੰਤਰੀ 24



## ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

## ਚਿੱਤਰਕਾਰ

ਗੁਰਦੀਪ ਸਿੰਘ ਦੀਪ

## ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
ਚੰਡੀਗੜ੍ਹ



**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |



■ ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

■ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

# ਮਿਤ੍ਰ ਅਸਾਡੜੇ ਸੇਈ



'ਅੰਮ੍ਰਿਤ ਕੀਰਤਨ' ਪੜ੍ਹਕੇ ਬਹੁਤ ਪ੍ਰਸੰਨਤਾ ਹੋਈ । ਪਰਚਾ ਹਰ ਪਖੋਂ ਸੰਪੂਰਨ ਹੈ । ਵਾਹਿਗੁਰੂ ਆਪ ਨੂੰ ਹੋਰ ਬਲ ਬਖਸ਼ੇ ।

ਫਿਰੋਜ਼ਪੁਰ ਸ਼ਹਿਰ — ਰਘਬੀਰ ਸਿੰਘ ਨਵੀਨ' ਪਤਰਕਾਰ

ਸਤੰਬਰ ਅੰਕ ਸੰਗਤਾਂ ਨੇ ਬਹੁਤ ਸਲਾਹਿਆ ਹੈ । 'ਪਤੰਗ ਜੀ' ਦੀ ਯਾਦ ਵਿੱਚ ਇਸ ਅੰਕ ਲਈ ਬਹੁਤ ਮੁਬਾਰਕਾਂ ।

ਸੁਲਤਾਨਪੁਰ ਲੋਧੀ — ਗਿ: ਅਜੀਤ ਸਿੰਘ ਵੈਦਰਾਜ

'ਅੰਮ੍ਰਿਤ ਕੀਰਤਨ' ਦਾ ਸਤੰਬਰ ਮਹੀਨੇ ਦਾ ਅੰਕ ਗ਼ੌਰ ਨਾਲ ਪੜ੍ਹਿਆ । ਸਾਰਾ ਪਰਚਾ ਹੀ ਸਚਖੰਡ ਵਾਸੀ ਆਪ ਜੀ ਦੇ ਪੂਜ ਪਿਤਾ ਜੀ ਦੀ ਆਦਰਸ਼ਕ ਜੀਵਨੀ ਦਰਸਾਉਂਦਾ ਹੈ । ਕਿਤਨੇ ਮਹਾਨ ਕਲਾਕਾਰ ਅਤੇ ਗੁਰੂ ਘਰ ਦੇ ਨਿਸ਼ਕਾਮ ਸੇਵਾਦਾਰ ਸਨ ਉਹ ਭਾਗਸ਼ਾਲੀ ਪੁਰਸ਼ । ਦਾਸ ਵਲੋਂ ਉਹਨਾਂ ਮਹਾਨ ਕੀਰਤਨੀਆਂ ਨੂੰ ਸ਼ਰਧਾਂਜਲੀ ਅਰਪਣ ਹੈ ।

ਲੁਧਿਆਣਾ — ਸੰਤਾ ਸਿੰਘ ਆਜਿਜ਼

'ਅੰਮ੍ਰਿਤ ਕੀਰਤਨ' ਦਿਨੋ ਦਿਨ ਤਰੱਕੀ ਕਰ ਰਿਹਾ ਹੈ । ਆਪ ਦੀ ਅਗਸਤ ਅੰਕ ਵਿਚ ਆਸਟ੍ਰੇਲੀਆ ਯਾਤਰਾ, ਸਤੰਬਰ ਅੰਕ ਵਿੱਚ ਭਾਈ ਉਤਮ ਸਿੰਘ ਜੀ ਪਤੰਗ ਬਾਰੇ ਸਮੱਗਰੀ ਭਾਵਪੂਰਤ ਸੀ । ਅਕਤੂਬਰ ਅੰਕ ਵਿੱਚ 'ਕੀਰਤਨੀਏ ਵਿਦੇਸ਼ਾਂ ਵਿੱਚ' ਆਪ ਨੇ ਠੀਕ ਹੀ ਲਿਖਿਆ ਹੈ । ਅਸੀਂ ਵੀ ਜਦੋਂ ਵਿਦੇਸ਼ ਗਏ ਸਾਂ ਤਾਂ ਦੇਖਿਆ ਸੀ ਬਹੁਤੇ ਕੀਰਤਨੀਏ ਮਾਇਆ ਦੀ ਖਿੱਚ ਵਿੱਚ ਉਡੀ ਜਾ ਰਹੇ ਹਨ । ਨੌਜੁਆਨ ਬੱਚੇ ਅਕਸਰ ਪੁਛਦੇ ਹਨ ਕਿ ਕੀਰਤਨੀਏ ਉਂਜ ਤਾਂ ਮਾਇਆ ਦੇ ਖਿਲਾਫ ਬੋਲਦੇ ਹਨ ਪਰ ਕੀਰਤਨ ਉਥੇ ਕਰਦੇ ਹਨ ਜਿਥੇ ਬਹੁਤ ਮਾਇਆ ਮਿਲਦੀ ਹੈ । ਸਤਿਗੁਰੂ ਆਪਣੇ ਪੰਥ ਦੀ ਆਪ ਹੀ ਬਹੁੜੀ ਕਰੇ ।

ਚੰਡੀਗੜ੍ਹ — ਗੁਰਬਖਸ਼ ਕੌਰ ਸੂਰੀ

ਸਤੰਬਰ ਮਹੀਨੇ ਦਾ ਅੰਕ ਪੁਰਾਣੀਆਂ ਯਾਦਾਂ ਲੈ ਕੇ ਆਇਆ ਹਾਂ । ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸਤਿਕਾਰ ਯੋਗ ਪਤੰਗ ਜੀ ਨਾਲ ਬਿਤਾਏ ਕੁਝ ਸਮੇਂ ਨੂੰ ਯਾਦ ਕਰਵਾ ਦਿੱਤਾ ਹੈ । ਮੇਰੇ ਨਾਲ ਉਹਨਾਂ ਦਾ ਅਥਾਹ ਪਿਆਰ ਸੀ । ਉਹਨਾਂ ਦਾ ਕੀਰਤਨ ਸੁਣ ਕੇ ਮਨ ਨੂੰ ਚੈਨ ਮਿਲਦਾ ਸੀ । ਭਟਕਿਆ ਮਨ ਘਟੋ ਘਟ ਉਤਨੇ ਸਮੇਂ ਲਈ ਤਾਂ ਜ਼ਰੂਰ ਸਰੂਰ ਵਿੱਚ ਆ ਕੇ ਟਿਕ ਜਾਂਦਾ ਸੀ । ਵਾਹਿਗੁਰੂ ਅੱਗੇ ਅਰਦਾਸ ਹੈ ਆਪ ਸਭ ਭਰਾਵਾਂ ਵਿੱਚ ਪਤੰਗ ਜੀ ਵਾਲੇ ਗੁਣ ਆਉਣ । ਪਤੰਗ ਜੀ ਨੂੰ ਯਾਦ ਕਰਦਿਆਂ ਇਹ ਤੁਕਾਂ ਯਾਦ ਆਉਂਦੀਆਂ ਹਨ :

ਜਨੁ ਪਰਉਪਕਾਰੀ ਆਏ
ਜੀਅ ਦਾਨ ਦੇ ਭਗਤੀ ਲਾਇਨ,
ਹਰਿ ਸਿਉ ਲੈਣਿ ਮਿਲਾਇ ।

ਅੰਮ੍ਰਿਤਸਰ — ਗੁਰਬਚਨ ਸਿੰਘ ਚਾਂਦ

ਇਸ ਜੁਗ ਵਿੱਚ ਲੇਖਣ ਅਤੇ ਪ੍ਰਕਾਸ਼ਨ ਕਾਰਜ ਬਹੁਤ ਔਖਾ ਹੈ । ਮਾਸਿਕ ਪਰਚਾ ਕਢਣਾ ਤਾਂ ਰੋੜਾਂ ਦੀ ਵਿਛਾਈ ਹੈ, ਕੰਡਿਆਂ ਉਤੇ ਤੁਰਨ ਬਰਾਬਰ ਹੈ । ਤੁਹਾਨੂੰ ਸਾਬਾਸ਼ ਹੈ ।

ਲੁਧਿਆਣਾ — ਬਲਵਿੰਦਰ ਸਿੰਘ ਕਾਨਪੁਰ

ਅਕਤੂਬਰ ਅੰਕ ਵਿੱਚ ਸਾਡੇ ਕੀਰਤਨੀਏ ਵਿਦੇਸ਼ਾਂ ਵਿੱਚ ਦਿਲਚਸਪੀ ਭਰਪੂਰ ਸੀ । ਡਾ. ਦਰਸ਼ਨ ਸਿੰਘ ਨਰੂਲਾ ਦਾ ਲੇਖ 'ਪੰਜਾਬ ਦਾ ਭਗਤੀ ਸੰਗੀਤ' ਕਾਬਲੇ ਤਾਰੀਫ ਹੈ । 'ਸੁਖ ਸਾਤ ਸਹਿਜ ਅਨੰਦ' ਗੁਰੂ ਪੰਥ ਦਾ ਅਭਿਨੰਦਨ, ਪੰਜਾ ਸਾਹਿਬ ਦੀ ਯਾਤਰਾ ਆਦਿ ਵਧੀਆ ਲੇਖ ਹਨ ।

ਮਲੋਟ — ਮੰਗਤ ਸਿੰਘ ਮਸਤਾਨਾ

# ਕਰਉ ਬੇਨੰਤੀਆ

## ਧੰਨ ਨਾਨਕ ਤੇਰੀ ਵਡੀ ਕਮਾਈ

ਇਸ ਮਹੀਨੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਆ ਰਿਹਾ ਹੈ । ਕਈ ਵਾਰ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇ ਸਿੱਖ ਅਖਵਾ ਕੇ ਫ਼ਖਰ ਮਹਿਸੂਸ ਕਰਦੇ ਹਾਂ । ਪਰ ਜਦੋਂ ਅੰਦਰ ਝਾਤੀ ਮਾਰਦੇ ਹਾਂ ਤਾਂ ਜਾਪਦਾ ਹੈ ਕਿ ਅਸੀਂ ਆਪਣੇ ਆਪ ਨੂੰ ਸਿੱਖ ਅਖਵਾਉਣ ਦੇ ਹੱਕਦਾਰ ਨਹੀਂ ਹਾਂ । ਜੋ ਗੁਰੂ ਨੇ ਸਾਨੂੰ ਕਿਹਾ ਉਸ ਨੂੰ ਅਸੀਂ ਕਮਾਉਂਦੇ ਨਹੀਂ ਅਤੇ ਨਾ ਹੀ ਅਸੀਂ ਕਮਾਉਣ ਦੀ ਰੁੱਚੀ ਰੱਖਦੇ ਹਾਂ । ਗੁਰੂ ਨਾਨਕ ਦੇ ਸਿੱਖ ਅਖਵਾ ਕੇ ਅਸੀਂ ਆਪਣੇ ਆਪ ਨੂੰ ਗੈਰ ਸਿੱਖਾਂ ਤੋਂ ਉਚਾ ਹੀ ਸਾਬਤ ਕਰਨਾ ਚਾਹੁੰਦੇ ਹਾਂ ! ਇਹ ਗੱਲ ਗੁਰੂ ਨਾਨਕ ਦੀ ਸਿੱਖਿਆ ਤੋਂ ਕੋਹਾਂ ਦੂਰ ਹੈ । ਉਹ ਤਾਂ ਆਖਦੇ ਹਨ :

'ਨੀਚਾ ਅੰਦਰ ਨੀਚ ਜਾਤ,
ਨੀਚੀ ਹੂ ਅਤਿ ਨੀਚ ।
ਨਾਨਕ ਤਿਨਿ ਕੈ ਸੰਗਿ ਸਾਥਿ,
ਵਡਿਆ ਸਿਉ ਕਿਆ ਰੀਸ ।'

ਅਸੀਂ ਆਪਣੇ ਆਪ ਨੂੰ ਉਚਾ ਸਾਬਤ ਕਰਨ ਲਈ ਗੁਰੂ ਨਾਨਕ ਬਾਣੀ ਦਾ ਸਹਾਰਾ ਲੈਂਦੇ ਹਾਂ । ਇਹ ਦੱਸਣ ਲਈ ਕਿ ਹਿੰਦੂ ਪਾਖੰਡ ਕਰਦਾ ਹੈ :

**ਦਇਆ ਕਪਾਹ ਸੰਤੋਖ ਸੂਤ**

-----------------

-----------------

**ਗਊ ਬ੍ਰਾਹਮਣ ਕੌ ਕਰਿ ਲਾਵਹੁ**

ਆਦਿ ਤੁਕਾਂ ਪੜ੍ਹ ਕੇ ਹਿੰਦੂ ਦੀ ਨਿਖੇਧੀ ਕਰਦੇ ਹਾਂ, ਪਰ ਇਸ ਨੂੰ ਆਪਣੀ ਪੱਗ, ਦਾਹੜੀ, ਕਿਰਪਾਨ ਆਦਿ ਤੇ ਲਾਗੂ ਨਹੀਂ ਕਰਦੇ ।

ਗੁਰੂ ਲੋਕਾਈ ਦਾ ਦੁਖ ਦਰਦ ਦੂਰ ਕਰਨ ਲਈ ਆਪਣੇ ਨਿੱਕੇ-ਨਿੱਕੇ ਬੱਚੇ, ਪਤਨੀ, ਮਾਪੇ ਆਦਿ ਘਰ ਛੱਡ ਕੇ ਯਾਤਰਾ ਨੂੰ ਨਿਕਲ ਤੁਰਿਆ ਸੀ । ਧੰਨ ਹਨ ਮਾਤਾ ਸੁਲੱਖਣੀ ਜੀ, ਧੰਨ ਬਾਬਾ ਸਿਰੀ ਚੰਦ ਅਤੇ ਧੰਨ ਬਾਬਾ ਲਖਮੀ ਚੰਦ, ਪਿਤਾ ਤੋਂ ਬਿਨਾਂ ਉਹਨਾਂ ਕਿਵੇਂ ਸਮਾਂ ਗੁਜਾਰਿਆ ਹੋਵੇਗਾ ! ਕਦੇ ਆਪਣੇ ਬੱਚਿਆਂ ਨਾਲ ਤੁਲਨਾ ਕਰੀਏ । ਧੰਨ ਮਾਤਾ ਤ੍ਰਿਪਤਾ ਤੇ ਕਾਲੂ ਜੀ, ਇਕੋ ਹੀ ਪੁੱਤਰ ਸੀ, ਉਸ ਤੋਂ ਕਿੰਨੀਆਂ ਆਸਾਂ ਹੋਣਗੀਆਂ, ਬੁਢਾਪੇ ਦਾ ਸਹਾਰਾ ਬਣੇਗਾ । ਤੇ ਜਿਸ ਰਾਹ ਗੁਰੂ ਜੀ ਤੁਰੇ ਅੱਜ ਦਾ ਕੋਈ ਸਿੱਖ ਭੁੱਲ ਕੇ ਵੀ ਆਪਣੀ ਔਲਾਦ ਨੂੰ ਉਸ ਰਾਹ ਨਹੀਂ ਤੋਰਨਾ ਚਾਹੁੰਦਾ । ਸਭ ਮਾਪੇ ਇਹ ਚਾਹੁੰਦੇ ਹਨ ਕਿ ਸਾਡਾ ਬੱਚਾ ਡਾਕਟਰ ਜਾਂ ਇੰਜੀਨੀਅਰ ਬਣੇ । ਇਸ ਲਈ ਆਪਣੇ ਸਿੱਖੀ ਸਿਧਾਂਤ ਛਿੱਕੇ ਟੰਗ ਕੇ ਹਰ ਪਾਪੜ ਵੇਲਣ ਲਈ ਤਿਆਰ ਰਹਿੰਦੇ ਹਨ । ਅਸੀਂ ਸਾਖੀਆਂ ਸੁਣਾ-ਸੁਣਾ ਕੇ ਗੁਰੂ ਨਾਨਕ ਦੇਵ ਦੇ ਮਾਤਾ, ਪਿਤਾ, ਪਤਨੀ ਤੇ ਬੱਚਿਆਂ ਦੀ ਨਿੰਦਿਆ ਕਰਦੇ ਹਾਂ । ਗੁਰੂ ਨਾਨਕ ਨੂੰ ਉਚਾ ਕੇਵਲ ਇਸ ਲਈ ਕਹਿੰਦੇ ਹਾਂ ਕਿ ਅਸੀਂ ਆਪਣੇ ਆਪ ਨੂੰ ਉਸ ਦੇ ਸਿੱਖ ਅਖਵਾਉਂਦੇ ਹਾਂ ।

ਗੁਰੂ ਨਾਨਕ ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣ ਲਈ ਪਿਤਾ ਕੋਲੋਂ ਚਪੇੜਾਂ ਦੀ ਮਾਰ ਸਹਿੰਦੇ ਹਨ । ਅਸੀਂ ਗੁਰਦੁਆਰੇ ਲੰਗਰ ਤਿਆਰ ਕਰਦੇ ਹਾਂ, ਆਪੇ ਹੀ ਛੱਕ ਜਾਂਦੇ ਹਾਂ । ਭੁੱਖੇ ਵਿਚਾਰੇ ਸਾਡੇ ਮੂੰਹ ਵੱਲ ਵੇਖਦੇ ਰਹਿੰਦੇ ਹਨ । ਜੇ ਗੁਰੂ ਨਾਨਕ ਦੇ ਗੁਰਪੁਰਬ ਤੇ ਕਿਸੇ ਸ਼ਹਿਰ ਵਿੱਚ ਕੋਈ ਭੁੱਖਾ ਸੌਂਵੇਂ ਤਾਂ ਸਾਨੂੰ ਗੁਰੂ ਨਾਨਕ ਦਾ ਸਿੱਖ ਅਖਵਾਉਣ ਦਾ ਕੀ ਅਧਿਕਾਰ ਹੈ । ਗੁਰੂ ਨਾਨਕ ਬਾਣੀ ਦੀਆਂ ਅਨੇਕਾਂ ਤੁੱਕਾਂ ਸਾਡੇ ਜੀਵਨ ਨੂੰ ਦਿਸ਼ਾ ਦਿੰਦੀਆਂ ਹਨ । ਪਰ ਕੀ ਅਸੀਂ ਚੱਲਣਾ ਚਾਹੁੰਦੇ ਹਾਂ ? ਆਓ, ਆਪਣੇ ਅੰਦਰ ਝਾਤੀ ਮਾਰਦਿਆਂ ਇਹਨਾਂ ਅਮੋਲਕ ਵਿਚਾਰਾਂ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰੀਏ :

ਗੁਣਾ ਕਾ ਹੋਵਹਿ ਵਾਸੁਲਾ ਕਢਿ ਵਾਸ ਲਈਜੈ ॥
ਜੇ ਗੁਣ ਹੋਵਨਿ ਸਾਜਨਾ ਮਿਲ ਸਾਝ ਕਰੀਜੈ ॥
ਸਾਝ ਕਰੀਜੈ ਗੁਣਾ ਕੇਰੀ ਛੋਡਿ ਅਵਗੁਣ ਚਲੀਐ ॥

----------------------------------

ਜਿਥੈ ਜਾਇ ਬਹੀਐ ਭਲਾ ਕਹੀਐ-----॥

----------------------------------

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ, ਕਿਆ ਤਗੁ ॥

(ਜੇ ਗੁਰੂ ਜੀ ਨੇ ਅੱਜ ਸਾਨੂੰ ਉਪਦੇਸ਼ ਦਿੱਤਾ ਹੁੰਦਾ, ਤਾਂ 'ਟਿੱਕਾ' ਅਤੇ 'ਤਗੁ' ਥਾਂ 'ਦਾਹੜੀ' ਤੇ 'ਪੱਗ' ਸਬਦ ਵਰਤਣੇ ਸਨ ।)

ਹਕ ਪਰਾਇਆ ਨਾਨਕਾ ਉਸ ਸੂਅਰ, ਉਸ ਗਾਇ ॥

----------------------------------

ਸਚਹੁ ਓਰੈ ਸਭ ਕੋ ਉਪਰ ਸਚੁ ਆਚਾਰ ॥

----------------------------------

ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ॥

ਆਓ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਉਂਦਿਆਂ ਉਸ ਅੱਗੇ ਹੀ ਅਰਦਾਸ ਕਰੀਏ ਕਿ ਸਾਨੂੰ ਸੁਮੱਤ ਦੇਵੇ ।

# ਰਬਾਬ ਮੰਗਾਉਨ ਦਾ ਵਿਰਤਾਂਤ

ਗਿ: ਦਿੱਤ ਸਿੰਘ



ਜਦ ਗੁਰੂ ਜੀ ਇਸੀ ਪ੍ਰਕਾਰ ਜੰਗਲ ਵਿਚ ਬੈਠੇ ਕਰਤਾਰ ਦੇ ਗੁਣ ਗਾਉਣ ਲੱਗੇ ਤਦ ਬਹੁਤ ਲੋਕ ਜੋ ਹਿੰਦੂ ਅਤੇ ਮੁਸਲਮਾਨ ਸੀ ਸੋ ਗੁਰੂ ਨੂੰ ਕੁਰਾਹੀਆਂ ਸੱਦਨ ਲਗੇ ਅਰ ਆਖਨ ਕਿ ਯਾਰੋ ਇਹ ਜਾਤ ਦਾ ਵੇਦੀ ਖੱਤ੍ਰੀ ਸੀ ਅਰ ਭਲਿਆਂ ਦਾ ਪੁਤ ਪੋਤਾ ਸੀ ਸੋ ਹੁਨ ਕੁਛ ਇਸਦੀ ਅਜੇਹੀ ਬੁਧ ਫਿਰ ਗਈ ਹੈ ਜੋ ਕਿਸੇ ਦੀ ਭੀ ਨਹੀਂ ਸੁਨਦਾ । ਹਿੰਦੂ ਅਤੇ ਮੁਸਲਮਾਨਾਂ ਨਾਲੋਂ ਵਖਰੀ ਹੀ ਚਾਲ ਹੈ ਅਰ ਇਕ ਡੂਮ ਜੋ ਘਰ ਦਾ ਹੀ ਮਿਰਾਸੀ ਸੀ ਸੋ ਸਾਥੀ ਬਣਾ ਲੀਤਾ ਹੈ, ਖਾਣਾ ਪਹਰਨਾ ਭੁਲਾ ਦਿਤਾ ਹੈ । ਇਸੇ ਤਰ੍ਹਾਂ ਦੀ ਚਰਚਾ ਘਰ ਘਰ ਵਿਚ ਹੋਣ ਲੱਗ ਗਈ ।

ਓਧਰ ਤਾਂ ਲੋਗ ਇਸ ਤਰ੍ਹਾਂ ਆਖਦੇ ਸੇ ਅਤੇ ਏਧਰ ਗੁਰੂ ਨਾਨਕ ਜੀ ਕਰਤਾਰ ਦੇ ਰੰਗ ਵਿਚ ਰਤੇ ਹੋਏ ਮਰਦਾਨੇ ਨਾਲ ਨਿਤ ਨਵੇਂ ਥੋਂ ਨਵਾਂ ਸ਼ਬਦ ਅਕਾਲ ਪੁਰਖ ਦੀ ਪ੍ਰਾਰਥਨਾ ਦਾ ਗਾਉਂਦੇ ਸਨ ਅਰ ਸਦਾ ਉਸਦੀ ਮਸਤੀ ਵਿਚ ਮਗਨ ਰਹਿੰਦੇ ਸਨ । ਇਕ ਰੋਜ਼ ਆਖਨ ਲੱਗੇ ਕਿ ਮਰਦਾਨਿਆ ਕੁਝ ਸਾਜ਼ ਬਜਾਓ ਜੋ ਦਿਲ ਨੂੰ ਭਾਵੇ, ਤਦ ਮਰਦਾਨੇ ਆਖਿਆ ਕਿ ਜੀ ਆਪ ਦਾ ਕਿਹੜੇ ਸਾਜ਼ ਦੇ ਸੁਨਣ ਲਈ ਚਿੱਤ ਚਾਹੁੰਦਾ ਹੈ, ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਰਬਾਬ ਤੇ ਵਧਕੇ ਹੋਰ ਕਿਹੜਾ ਸਾਜ਼ ਹੈ ਜੋ ਅੱਛਾ ਆਖੀਏ, ਸੋ ਵਜਾਓ । ਜਿਸ ਨੂੰ ਸੁਣ ਕੇ ਮਰਦਾਨੇ ਕਿਹਾ ਜੀ ਮੇਰੇ ਪਾਸ ਤਾਂ ਨਹੀਂ ਜੋ ਬਜਾਵਾਂ ਜਿਸਨੂੰ ਸੁਣਕੇ ਬੋਲੇ ਕਿ ਭਾਈ ਨਗਰ ਵਿੱਚ ਜਾ ਕੇ ਕਿਸੇ ਕੋਲੋਂ ਮੰਗ ਲਿਆਓ । ਜੇ ਕੋਈ ਮੰਗਿਆਂ ਨਾ ਦੇਵੇ ਤਾਂ ਮੁਲ ਲੈ ਆਵੀਂ । ਫੇਰ ਮਰਦਾਨੇ ਕਿਹਾ ਕਿ ਜੀ ਮੇਰੇ ਪਾਸ ਤਾਂ ਧੇਲਾ ਭੀ ਨਹੀਂ ਹੈ । ਮੁਲ ਕਿਥੋਂ ਖਰਚ ਕਰਾਂ ? ਇਸ ਪਰ ਗੁਰੂ ਜੀ ਬੋਲੇ, ਮਰਦਾਨਿਆਂ ਕਰਤਾਰ ਦਾ ਦਿਤਾ ਹੋਇਆ ਸਭ ਕੁਝ ਹੈ । ਐਡਾ ਉਦਾਸ ਨਾ ਹੂਹੁ. ਜਾਹ ਘਰ ਜਾ ਕੇ ਬੀਬੀ ਤੋਂ ਜਿਤਨੇ ਰੁਪਈਏ ਚਾਹੇ ਲੈ ਲੈ ਅਰ ਕੋਈ ਚੰਗਾ ਜਿਹਾ ਰਬਾਬ ਲੈ ਆਉ । ਇਹ ਸੁਣ ਕੇ ਮਰਦਾਨਾ ਬੀਬੀ ਪਾਸ ਆਇਆ ਅਰ ਰਬਾਬ ਲਈ ਕੁਝ ਰੁਪਏ ਮੰਗੇ । ਇਸ ਪਰ ਅਗੋਂ ਬੀਬੀ ਜੀ ਨੇ ਆਖਿਆ ਕਿ ਮਰਦਾਨਿਆਂ ਤੂੰ ਜਾ ਕੇ ਪਹਿਲਾਂ ਰਬਾਬ ਦੇਖ ਆਓਂ ਅਤੇ ਮੁਲ ਕਰਾਕੇ ਮੇਰੇ ਪਾਸ ਆਈਂ । ਜਿਤਨੇ ਰੁਪਏ ਨੂੰ ਚੁਕੇ ਮੈਥੋਂ ਲੈ ਜਾਈਂ । ਮਰਦਾਨਾ ਲੱਗਾ ਨਗਰ ਦੀ ਗਲੀ ਕੂਚੇ ਫਿਰਨ । ਜਿਧਰ ਜਾਵੇ ਓਧਰੋਂ ਲੋਕ ਠਠਾ ਮਖੌਲ ਕਰਨ ਅਰ ਆਖਨ ਕਿ 'ਕੁਰਾਹੀਏ ਦਾ ਡੂਮ ਆਇਆ ਹੈ ।' ਨਾਲ ਕਈ ਬੁਰਾ ਬੋਲਨ ਤੇ ਕਈ ਮਿਟੀ ਚੁਕਕੇ ਉਤੇ ਸੁਟਨ । ਜੋ ਜਿਸਦੇ ਮਨ ਆਵੇ ਸੋ ਕਰੇ । ਇਸ ਤੇ ਮਰਦਾਨਾ ਤੰਗ ਆਇ ਗਿਆ ਅਰ ਆਖੇ ਕਿ ਇਹ ਤਾਂ ਅੱਛੀ ਹੋਣ ਲੱਗੀ ਹੈ, ਜੋ ਕੋਈ ਖੜਾ ਹੋਣ ਭੀ ਨਹੀਂ ਦਿੰਦਾ । ਬਹੁਤ ਤੰਗ ਹੋ ਕੇ ਪਿਛਾਂ ਮੁੜ ਆਇਆ ਅਰ ਮੂੰਹ ਬੁਰਾ ਜਿਹਾ ਕਰਕੇ ਆਨ ਬੈਠਾ ਜਿਸਦੇ ਉਦਾਸ ਜਿਹੇ ਚੇਹਰੇ ਨੂੰ ਦੇਖ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆਂ ਖਾਲੀ ਕਿਉਂ ਮੁੜਿਓਂ । ਤੈਨੂੰ ਤਾਂ ਰਬਾਬ ਲੈਣ ਲਈ ਭੇਜਿਆ ਸੀ, ਸੋ ਦਸ ਸੁਖ ਹੈ । ਇਸ ਬਾਤ ਨੂੰ ਸੁਣਕੇ ਮਰਦਾਨਾ ਆਖਨ ਲੱਗਾ ਕਿ ਜੀ ਸੁਖ ਕਾਹਦੀ ਹੈ, ਤੇਰੇ ਸੰਗ ਮੈਨੂੰ ਅੱਛਾ ਫਲ ਮਿਲਿਆ ਹੈ ਜੋ ਜਿਧਰ ਜਾਂਦਾ ਹਾਂ, ਓਧਰ ਲੋਕ ਅਗੋਂ ਸੌ ਸੌ ਸੁਣਾਉਂਦੇ ਹਨ ਅਰ ਤੈਨੂੰ ਕੁਰਾਹੀਆ ਆਖਦੇ ਹਨ ਅਰ ਮੈਨੂੰ ਦੇਖਦੇ ਆਖਦੇ ਹਨ ਕਿ ਕੁਰਾਹੀਏ ਦਾ ਡੂੰਮ ਹੈ । ਸੋ ਮੈਂ ਤਾਂ ਰਬਾਬ ਦੀ ਜਗ੍ਹਾ ਖਰਾਬ ਹੋ ਕੇ ਆਇ ਗਿਆ ਹਾਂ ਅਰ ਤੇਰੇ ਪਿਛੇ

ਮੇਰੀ ਭੀ ਇਹ ਗਤਿ ਹੋਇ ਰਹੀ ਹੈ । ਇਸ ਨੂੰ ਸੁਣ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਕੁਝ ਡਰ ਨਾ ਕਰ । ਇਹ ਲੋਕ ਐਵੇਂ ਝਖ ਮਾਰਦੇ ਹਨ । ਸੋ ਤੂੰ ਸੰਸਾਰ ਦਾ ਨਾ ਬਣ । ਤੈਨੂੰ ਮੈਂ ਕਰਤਾਰ ਦਾ ਬਣਾਇਆ ਹੈ । ਸੰਸਾਰ ਦਾ ਕੰਮ ਝੱਖ ਮਾਰਨੇ ਦਾ ਹੈ । ਪ੍ਰੰਤੂ ਪਰਮੇਸਰ ਦੇ ਪਿਆਰਿਆਂ ਦਾ ਇਸ ਤੇ ਕੁਝ ਨਹੀਂ ਵਿਗੜਦਾ । ਕੁੱਤੇ ਵਾਂਗਰ ਭੌਂਕ ਕੇ ਆਪੇ ਹੀ ਚੁਪ ਕਰ ਜਾਇਗਾ । ਇਹ ਸੁਣ ਕੇ ਮਰਦਾਨੇ ਆਖਿਆ ਕਿ ਜੀ ਤੇਰੀਆਂ ਤੂੰਹੇ ਜਾਣੇ ਮੈਨੂੰ ਇਹ ਗਲ ਦੀ ਕਿਆ ਸਾਰ ਹੈ ਜੋ ਤੂੰ ਪਿਆ ਆਖਦਾ ਹੈ । ਇਸੀ ਤਰ੍ਹਾਂ ਕਰਦਿਆਂ ਜਦ ਕੁਝ ਦਿਨ ਬੀਤੇ ਤਾਂ ਮਰਦਾਨੇ ਨੂੰ ਆਖਿਆ ਕਿ ਮਰਦਾਨਿਆਂ ਐਥੋਂ ਦੇ ਲੋਕ ਤਾਂ ਤੈਨੂੰ ਰਬਾਬ ਨਹੀਂ ਦੇਂਦੇ ਸੋ ਸਤਲੁਜ ਅਤੇ ਬਿਆਸ ਦੇ ਵਿਚਕਾਰ ਜੱਟਾਂ ਦਾ ਪਿੰਡ ਹੈ । ਓਥੇ ਇਕ ਫਰਹਿੰਦਾ ਨਾਮੇ ਰਬਾਬੀ ਰਹਿੰਦਾ ਹੈ, ਸੋ ਤੂੰ ਜਾ ਕੇ ਉਸ ਤੋਂ ਰਬਾਬ ਮੰਗੀਂ । ਉਹ ਤੈਨੂੰ ਦੇ ਦੇਵੇਗਾ ਅਰ ਘਰੋਂ ਜਾ ਕੇ ਬੀਬੀ ਨਾਨਕੀ ਤੇ ਸੱਤ ਰੁਪਏ ਲੈ ਜਾਈਂ ਜੋ ਉਸਨੂੰ ਰਬਾਬ ਦਾ ਮੁਲ ਦੇ ਦੇਵੀਂ । ਇਸ ਗੱਲ ਨੂੰ ਮੰਨ ਕੇ ਮਰਦਾਨਾ ਬੀਬੀ ਪਾਸ ਗਿਆ ਅਰ ਸੱਤ ਰੁਪਏ ਮੰਗੇ । ਉਸਨੇ ਆਖਿਆ ਕਿ ਭਾਈ ਮਰਦਾਨਾ ਜਿਤਨੇ ਲੋੜੀਂਦੇ ਹਨ ਉਤਨੇ ਲੈ ਜਾਹ ਪਰ ਮਰਦਾਨੇ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸੱਤੇ ਲੈ ਕੇ ਆਪਨਾ ਰਸਤਾ ਲੀਤਾ । ਜਦ ਜਾਂਦਾ ਜਾਂਦਾ ਉਸ ਨਗਰ ਪਹੁੰਚਾ ਅਤੇ ਉਸ ਦਾ ਪਤਾ ਪੁਛਨ ਲੱਗਾ ਤਦ ਕੋਈ ਠੀਕ ਨਾ ਦੱਸੇ । ਦੋ ਦਿਨ ਓਥੇ ਖੁਆਰ ਹੋ ਕੇ ਜਦ ਤੀਜੇ ਦਿਨ ਪਿਛਾਹਾਂ ਮੁੜਨ ਲੱਗਾ ਤਾਂ ਅਗੋਂ ਕਿਆ ਦੇਖਦਾ ਹੈ ਜੋ ਕਛ ਵਿਚ ਰਬਾਬ ਲੀਤਾ ਹੋਇਆ ਇਕ ਆਦਮੀ ਅੱਗੋਂ ਆਉਂਦਾ ਹੈ । ਉਸਨੇ ਆ ਕੇ ਮਰਦਾਨੇ ਨੂੰ ਪੁਛਿਆ ਭਾਈ ਤੂੰ ਕਿਧਰੋਂ ਆਇਆ ਹੈਂ ਅਰ ਕਿਸ ਨੂੰ ਪੁਛਦਾ ਹੈਂ । ਇਸ ਗੱਲ ਨੂੰ ਸੁਣ ਕੇ ਮਰਦਾਨੇ ਨੇ ਆਪਨਾ ਅਗਲਾ ਪਿਛਲਾ ਸਾਰਾ ਹਾਲ ਸੁਣਾਇਆ ਕਿ ਮੈਂ ਰਾਇ ਭੋਏ ਦੀ ਤਲਵੰਡੀ ਤੇ ਰਹਿਣ ਵਾਲਾ ਹਾਂ ਅਰ ਮੇਰਾ ਨਾਉਂ ਮਰਦਾਨਾ ਹੈ । ਜਾਤ ਦਾ ਮਿਰਾਸੀ ਹਾਂ ਪਰੰਤੂ ਅੱਜ ਕਲ ਮੈਂ ਨਾਨਕ ਪਾਸ ਰਹਿੰਦਾ ਹਾਂ ਜੋ ਕੋਈ ਬੇਦੀ ਖਤ੍ਰੀ ਸੀ, ਪਰ ਹੁਣ ਸਾਧਾਂ ਵਾਲੀ ਬਿਰਤੀ ਵਿਚ ਹੋ ਗਿਆ ਹੈ । ਉਸ ਨੂੰ ਪਰਮੇਸ਼ਰ ਪਾਸੇ ਦੀ ਲਿਵ ਲਗੀ ਰਹਿੰਦੀ ਹੈ ਅਰ ਅਪਨੇ ਮੁਖੋਂ ਅਗੰਮ ਦੀ ਬਾਣੀ ਉਚਰਦਾ ਹੈ ਜਿਸ ਨੂੰ ਉਹ ਅਪਨੇ ਮੂੰਹੋਂ ਮੈਨੂੰ ਸਖਾਉਂਦਾ ਹੈ । ਇਸ ਵਾਸਤੇ ਉਸ ਨੇ ਤੇਰੇ ਪਾਸ ਰਬਾਬ ਲਈ ਭੇਜਿਆ ਹੈ । ਇਸ ਬਾਤ ਨੂੰ ਸੁਣਕੇ ਫਰਹਿੰਦੇ ਨੇ ਰਬਾਬ ਮਰਦਾਨੇ ਦੇ ਹੱਥ ਫੜਾਇਆ ਕਿ ਚੱਲ ਭਾਈ ਮਰਦਾਨਿਆਂ ਅਸੀਂ ਭੀ ਓਸ ਪੁਜੇ ਹੋਏ ਪੁਰਖ ਦਾ ਦਰਸ਼ਨ ਕਰ ਆਈਏ । ਇਹ ਸੁਣਕੇ ਮਰਦਾਨੇ ਨੇ ਕਿਹਾ ਜੀ ਏ ਤੁਹਾਡੀ ਇਛਯਾ ਹੈ ਪਰ ਇਹ ਸੱਤ ਰੁਪਈਏ ਜੋ ਇਸ ਰਬਾਬ ਦਾ ਮੁਲ ਹੈ ਲੈ ਲਵੋ । ਇਸ ਗੱਲ ਨੂੰ ਸੁਨਦਿਆਂ ਫਰਹਿੰਦੇ ਨੇ ਕਹਿਆ ਕਿ ਭਾਈ ਮਰਦਾਨਾ , ਇਸ ਰਬਾਬ ਦਾ ਮੁਲ ਤਾਂ ਕੋਈ ਨਹੀਂ ਹੈ ਕਿਉਂਕਿ ਇਸਦਾ ਭੀ ਉਸੀ ਦੇ ਨਾਲ ਕੁਝ ਪੁਰਾਣਾ ਸਬੰਧ ਹੈ, ਜਿਸਤੇ ਇਹ ਉਸਨੇ ਯਾਦ ਕੀਤਾ ਹੈ । ਇਤਨੀ ਸੁਣ ਕੇ ਮਰਦਾਨਾ ਚੁਪ ਰਿਹਾ ਅਰ ਦੋਨੋਂ ਚਲ ਪਏ । ਜਦ ਤੀਜੇ ਦਿਨ ਗੁਰੂ ਪਾਸ ਪੁਜੇ ਅਤੇ ਪੈਰਾਂ ਤੇ ਮੱਥਾ ਟੇਕ ਕੇ ਬੈਠ ਗਏ ਗੁਰੂ ਜੀ ਨੇ ਮਰਦਾਨੇ ਅਤੇ ਫਰਹਿੰਦਾ ਚਰਨਾ ਤੇ ਡਿੱਗਾ ਅਰ ਆਖਨ ਲੱਗਾ ਕਿ ਜੀ ਜੇਹਾ ਤੂੰ ਸੁਨੀਂਦਾ ਸੀ ਓਹੋ ਜੇਹਾ ਅਖੀਂ ਡਿਠਾ ਹੈ । ਕੁਝ ਦਿਨ ਗਏ ਪਿਛੋਂ ਫਰਹਿੰਦਾ ਅਪਣੇ ਵਤਨ ਨੂੰ ਮੁੜ ਗਿਆ । ਪਿਛੋਂ ਮਰਦਾਨਾ ਲੱਗਾ ਰਬਾਬ ਨੂੰ ਸੁਰ ਕਰਨ । ਪਰੰਤੂ ਉਹ ਜਿਉਂ ਜਿਉਂ ਸੁਰ ਕਰੇ ਤਿਉਂ ਤਿਉਂ ਰਬਾਬ ਬੇਸੁਰਾ ਹੁੰਦਾ ਜਾਏ । ਜਿਸ ਪਰ ਗੁਰੂ ਜੀ ਨੇ ਆਖਿਆ ਕਿ ਮਰਦਾਨਿਆਂ ਨਵਾਂ ਰਬਾਬ ਬਜਾਓ ਅਰ ਕਰਤਾਰ ਦੇ ਗੁਣ ਗਾਓ । ਇਸ ਨੂੰ ਸੁਣਕੇ ਆਖਿਨ ਲੱਗਾ ਕਿ ਜੀ ਮੈਂ ਇਸ ਨੂੰ ਠੀਕ ਕਰ ਲੇਵਾਂ ਜੋ ਠਾਟ ਚੰਗਾ ਬਨ ਜਾਏ, ਜਿਸ ਪਰ ਗੁਰੂ ਜੀ ਨੇ ਕਿਹਾ ਕਿ ਭੋਲਿਆ ਤੇਰਾ ਕੰਮ ਠਾਟ ਕਰਨ ਦਾ ਨਹੀਂ ਹੈ । ਤੇਰਾ ਤਾਂ ਬਜਾਉਣ ਦਾ ਕੰਮ ਹੈ । ਸੋ ਤੂੰ ਬਜਾਓ । ਠਾਟ ਕਰਤਾਰ ਕਰਨੇ ਵਾਲਾ ਹੈ, ਸੋ ਆਪ ਹੀ ਕਰੇਗਾ । ਇਸ ਬਾਤ ਨੂੰ ਸੁਣਕੇ ਮਰਦਾਨਾ ਬਜਾਉਨ ਲੱਗਾ ਜਿਸ ਪਰ ਰਬਾਬ ਦਾ ਅਹੇਜਾ ਠਾਟ ਬਨਿਆ ਜੋ ਉਸਦੀ ਮਧਰ ਧੁਨਿ ਨੂੰ ਸੁਣਕੇ ਜਗਲ ਦੇ ਮ੍ਰਿਗ ਭੀ ਮਸਤ ਹੋ ਗਏ ਅਰ ਗੁਰੂ ਜੀ ਨੂੰ ਜੋ ਬਾਣੀ ਆਈ ਸੋਈ ਮਰਦਾਨੇ ਨੇ ਉਸ ਵਿੱਚ ਸੁੰਦਰ ਸੁਰ ਨਾਲ ਗਾਈ ।

# ਗੁਰਦੁਆਰਾ ਸੁਧਾਰ ਲਹਿਰ ਤੇ ਭਾਈ ਹੀਰਾ ਸਿੰਘ ਰਾਗੀ

ਡਾ: ਕੁਲਦੀਪ ਸਿੰਘ ਹਉਰਾ



ਰਾਗ, ਰੰਗ, ਰਸ ਤੇ ਵੈਰਾਗ ਦੀ ਮੂਰਤ ਭਾਈ ਹੀਰਾ ਸਿੰਘ ਜੀ ਸੱਚ-ਮੁੱਚ ਹੀਰਾ ਹੀ ਸਨ । ਆਪ ਗੁਰੂ ਕੇ ਕੀਰਤਨੀਏ ਸਨ । ਆਪ ਦੀ ਆਵਾਜ਼ ਰਸੀਲੀ ਤੇ ਸੁਰੀਲੀ ਸੀ । ਜਦੋਂ ਕੀਰਤਨ ਕਰਦਿਆਂ ਆਪ ਗੁਰੂ-ਇਤਿਹਾਸ 'ਚੋ ਪ੍ਰਸੰਗ ਸੁਣਾਂਦੇ ਤਾਂ ਸਰੋਤਿਆਂ ਦੀ ਬਿਰਤੀ ਟਿਕਾ ਦੇਂਦੇ ਸਨ । ਸੱਚੀ ਗੱਲ ਉਹ ਬਿਨਾਂ ਡਰ ਦੇ ਨਿਰਭੈ ਹੋ ਕੇ ਆਖਦੇ ਸਨ । ਆਪ ਦਾ ਆਚਰਣ-ਉਚਾ-ਸੁੱਚਾ ਤੇ ਮਿਸਾਲੀ ਸੀ । ਆਪ ਸੰਤੋਖੀ ਸਨ । ਜਿਵੇਂ ਜਿਵੇਂ ਆਪ ਦਾ ਕੀਰਤਨ ਸੁਣਕੇ ਸਰੋਤੇ ਮੁਗਧ ਹੁੰਦੇ, ਤਿਵੇ ਤਿਵੇ ਆਪ ਉਤੇ ਹੋਰ ਹੋਰ ਰੰਗ ਚੜ੍ਹਦਾ ਜਾਂਦਾ, ਆਪ ਸਦਾ ਸਹਿਜ ਅਵਸੱਥਾ ਵਿਚ ਰਹਿੰਦੇ । ਆਪ ਦਾ ਮਨ ਨੀਵਾਂ ਤੇ ਮਤਿ ਉਚੀ ਸੀ । ਆਪ ਜੋ ਕਹਿੰਦੇ ਸਨ ਉਹ ਕਮਾਂਦੇ ਵੀ ਸਨ । ਆਪ ਗੁਰ-ਮਰਯਾਦਾ ਨਿਬਾਹੁਣ ਲਈ ਆਪਣੀ ਜਾਨ ਤੱਕ ਖਤਰੇ ਵਿੱਚ ਪਾ ਦਿੰਦੇ ਸਨ । ਪ੍ਰਿਸੀਪਲ ਸਤਿਬੀਰ ਸਿੰਘ ਦੇ ਸਬਦਾਂ ਵਿੱਚ " ਭਾਈ ਹੀਰਾ ਸਿੰਘ ਕੀਰਤਨੀਆਂ ਨਹੀਂ, ਕੀਰਤਨ ਹੀ ਸੀ ।" ਪੱਛਮੀ ਪੰਜਾਬ ਦੇ ਝੰਗ-ਸ਼ਾਹਪੁਰ ਦੀ ਹੱਦ ਦੇ ਨੇੜੇ ਇਕ ਛੋਟਾ ਜਿਹਾ ਪਿੰਡ ਮੁਸਲਮਾਨ ਕੌਮ ਦੇ ਨਾਂ ਤੇ 'ਫਿਰੂਕਾ' ਸੀ, ਜਿਥੇ ਭਾਈ ਹੀਰਾ ਸਿੰਘ ਦਾ ਜਨਮ ਹੋਇਆ । ਭਾਈ ਹੀਰਾ ਸਿੰਘ ਦੀ ਜਨਮ ਭੂਮੀ ਹੋਣ ਕਰਕੇ ਪਿੰਡ ਫਿਰੂਕਾ ਸਾਰੇ ਸੰਸਾਰ ਵ੍ਹਿੱਚ ਪ੍ਰਸਿੱਧ ਹੋ ਗਿਆ । ਆਮ ਕਿਹਾ ਜਾਂਦਾ ਸੀ, "ਭਾਈ ਹੀਰਾ ਸਿੰਘ ਜੀ ਫਿਰੂਕੇ ਵਾਲੇ ਜਾਂ ਫਿਰੂਕਾ ਭਾਈ ਹੀਰਾ ਸਿੰਘ ਵਾਲਾ ।"

ਭਾਈ ਹੀਰਾ ਸਿੰਘ ਦਾ ਜਨਮ ਭਾਈ ਭਾਗ ਸਿੰਘ ਦੇ ਘਰ ਮਾਤਾ ਸਤ ਭਿਰਾਣੀ ਦੀ ਸੁਭਾਗ ਕੁੱਖੋਂ ੧੮੭੯ ਵਿੱਚ ਹੋਇਆ । ੧੮੯੭ ਵਿੱਚ ਭਾਈ ਭਾਗ ਸਿੰਘ ਨੇ ਸਪੁੱਤਰ ਭਾਈ ਹੀਰਾ ਸਿੰਘ ਨਾਲ ਰਲਕੇ ਕੀਰਤਨ ਕਰਨਾ ਸ਼ੁਰੂ ਕੀਤਾ ਤੇ ੨੫-੨੬ ਸਾਲ ਇਹ ਪਿਤਾ-ਪੁੱਤਰ ਦਾ ਰਾਗੀ ਜੱਥਾ ਦੇਸ ਤੇ ਬਦੇਸਾਂ ਵਿੱਚ ਗੁਰੂ ਨਾਨਕ ਦੇ ਨਾਮ ਦਾ ਡੰਕਾ ਵਜਾਂਦਾ ਰਿਹਾ ਤੇ ਅਨੇਕਾਂ ਲੋਕਾਂ ਨੂੰ ਗੁਰ-ਚਰਨਾਂ ਨਾਲ ਜੋੜਦਾ ਰਿਹਾ । ਭਾਈ ਹੀਰਾ ਸਿੰਘ ਨੇ ਗੁਰਮੁਖੀ ਤੇ ਗੁਰਬਾਣੀ ਦੀ ਮੁੱਢਲੀ ਵਿਦਿਆ ਧਰਮਸਾਲਾ ਭਾਈ ਮਾਹਣਾ ਸਿੰਘ ਜੀ ਤੋਂ ਪ੍ਰਾਪਤ ਕੀਤੀ ਤੇ ਪੰਜ ਸਾਲ ਸਰਕਾਰੀ ਸਕੂਲ ਵਿੱਚ ਵੀ ਪੜ੍ਹੇ । ਕੁਝ ਸਮਾਂ ਆਪ ਸਾਹੀਵਾਲ ਮਿਡਲ ਸਕੂਲ ਵਿੱਚ ਵੀ ਪੜ੍ਹੇ ਪਰ ਦੁਨਿਆਵੀ ਵਿਦਿਆ ਬਹੁਤੀ ਨਾ ਲੈ ਸਕੇ । ਭਾਈ ਹੀਰਾ ਸਿੰਘ ਦਾ ਵਿਆਹ ਛੋਟੀ ਉਮਰ 'ਚ ੧੮੯੪ ਵਿੱਚ ਬੀਬੀ ਪ੍ਰੇਮ ਕੌਰ ਜੀ ਨਾਲ ਹੋਇਆ । ਭਾਈ ਹੀਰਾ ਸਿੰਘ ਰਾਗੀ ਦਾ ਸਿੰਘ ਸਭਾ ਲਹਿਰ ਤੇ ਚੀਫ ਖਾਲਸਾ ਦੀਵਾਨ ਨਾਲ ਡੂੰਘਾ ਸਬੰਧ ਰਿਹਾ । ਆਪ ਗੁਰਮਤਿ-ਪ੍ਰਚਾਰ ਤੇ ਅੰਮ੍ਰਿਤ-ਪ੍ਰਚਾਰ ਵਿੱਚ ਬੜੀ ਦਿਲਸਚਪੀ ਲਿਆ ਕਰਦੇ ਸਨ । ਚੀਫ ਖਾਲਸਾ ਦੀਵਾਨ ਵਲੋਂ ਕੀਤੀਆਂ ਜਾਂਦੀਆਂ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਦੀ ਆਪ ਜਿੰਦ-ਜਾਨ ਸਨ । ਆਪ ਨੇ ਸਿੱਖ ਵਿਦਿਅਕ ਆਸ਼ਰਮਾਂ ਦੀ ਸੇਵਾ ਆਪਣੀ ਸਮਰੱਥਾ ਤੋਂ ਵੀ ਵੱਧ ਕੀਤੀ । ਆਪ ਗੁਰਮਤਿ ਪ੍ਰਚਾਰ ਖਾਤਰ ਸਿੰਧ ਤੇ ਬਲੋਚਸਤਾਨ ਤੱਕ ਗਏ । ਅਨਮਤ ਦੇ ਗੜ੍ਹ ਜ਼ਿਲਾ ਹਜ਼ਾਰਾ ਤੇ ਭਾਰਤ ਤੇ ਬਾਹਰ ਬਰ੍ਹਮਾ ਤੱਕ ਗਏ ਤੇ ਕੀਰਤਨ ਦੁਆਰਾ 'ਧੰਨ ਗੁਰੂ ਨਾਨਕ' ਦੀਆਂ ਗੂੰਜਾਂ ਪਾਈਆਂ । ਇਕ ਪੰਥ-ਸੇਵਕ ਤੇ ਗੁਰ-ਸਿੱਖੀ ਦੇ ਪ੍ਰਚਾਰਕ ਹੋਣ ਦੇ ਨਾਤੇ ਭਾਈ ਹੀਰਾ ਸਿੰਘ ਜੀ ਉਤੇ ਗੁਰਦੁਆਰਾ ਸੁਧਾਰ ਲਹਿਰ ਦਾ ਅਸਰ ਹੋਣਾ ਕੁਦਰਤੀ ਸੀ । ਆਪ ਦੇ ਅੰਦਰ ਪੰਥਕ ਦਰਦ ਤੇ ਜੋਸ਼ ਠਾਠਾ ਮਾਰਦਾ ਸੀ । ਜਿਵੇਂ ਜਿਵੇਂ ਗੁਰਦੁਆਰਾ ਸੁਧਾਰ ਲਹਿਰ ਵਿੱਚ ਨਿਖਾਰ ਆਉਂਦਾ ਗਿਆ, ਤਿਵੇ ਤਿਵੇ ਸੰਗਤਾਂ ਵਿੱਚ ਪਰੇਰਨਾ ਕਰਨ ਤੇ ਕੁਰਬਾਨੀਆਂ ਲਈ ਭਾਈ ਹੀਰਾ ਸਿੰਘ ਜੀ ਆਪਣੀ ਸੇਵਾ ਪੰਥ ਦੇ ਅਰਪਨ ਕਰਦੇ ਰਹੇ । ੧੯੧੯ ਵਿੱਚ ਜਦੋਂ 'ਜਲ੍ਹਿਆਂ ਵਾਲੇ ਬਾਗ' ਦੇ ਹਤਿਆਰੇ ਡਾਇਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਤੇ ਪੁਜਾਰੀਆਂ ਵਲੋਂ ਸਨਮਾਨਤ ਕੀਤਾ ਗਿਆ ਤਾਂ

ਸਿੱਖਾਂ ਦਾ ਖੂਨ ਖੋਲਿਆ । ਗੁਰਦੁਆਰਾ ਪ੍ਰਬੰਧ ਸੁਧਾਰ ਲਈ ਅੰਦੋਲਨ ਸ਼ੁਰੂ ਹੋਇਆ ਤੇ ਇਸੇ ਅੰਦੋਲਨ ਨੇ ਅਕਾਲੀ ਲਹਿਰ ਨੂੰ ਜਨਮ ਦਿੱਤਾ । ਸਭ ਤੋਂ ਪਹਿਲਾਂ ਗੁਰਦੁਆਰਾ 'ਬਾਬੇ ਦੀ ਬੇਰ' ਸਿਆਲਕੋਟ ਦੇ ਪਤਿਤ ਸਰਬਰਾਹ ਗੰਡਾ ਸਿੰਘ ਵਿਰੁੱਧ ਆਵਾਜ਼ ਉਠੀ । ਫਲਸਰੂਪ ਗੁਰਦੁਆਰਾ ਕਮੇਟੀ ਬਣਾ ਕੇ ਪ੍ਰਬੰਧ ਪੰਥ ਨੂੰ ਸੌਂਪਿਆ ਗਿਆ ।

ਇਨ੍ਹਾਂ ਦਿਨਾਂ ਵਿੱਚ ਹੀ ਸਿੰਘ ਸਭਾ ਦੇ ਸੇਵਕਾਂ ਨੇ ਅਛੂਤ ਜਾਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਦੀ ਲਹਿਰ ਆਰੰਭ ਕੀਤੀ । ਭਾਈ ਹੀਰਾ ਸਿੰਘ ਜੀ ਇਸ ਕਾਰਜ ਵਿੱਚ ਨਾਲ ਨਾਲ ਸਨ । ਜਦੋਂ ਖਾਲਸਾ ਬਰਾਦਰੀ ਦੇ ਸਿੰਘ ੧੨ ਤੇ ਅਕਤੂਬਰ -੧੯੨੦ ਨੂੰ ਜਲੂਸ ਦੀ ਸ਼ਕਲ ਵਿੱਚ ਸ੍ਰੀ ਦਰਬਾਰ ਸਾਹਿਬ ਪੁੱਜੇ ਤੇ ਪੁਜਾਰੀਆਂ ਨੇ ਕੜਾਹ ਪ੍ਰਸਾਦਿ ਦੀ ਭੇਟਾ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹਾ-ਵਾਕ ਆਇਆ ।

"ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਹਰ ਜੀਉ ਆਪੇ ਬਖਸਿ ਮਿਲਾਇ । ਗੁਣ ਹੀਣ ਹਮ ਅਪਰਾਧੀ ਭਾਈ ਪੂਰੇ ਸਤਿਗੁਰ ਲਏ ਰਲਾਇ ।"

ਇਹ ਮਹਾਵਾਕ ਸੁਣ ਕੇ ਪੁਜਾਰੀ ਅਕਾਲ ਤਖਤ ਛੱਡ ਕੇ ਭੱਜ ਗਏ ਤੇ ਪ੍ਰਬੰਧ ਪੰਥ ਦੇ ਹੱਥਾ 'ਚ ਆ ਗਿਆ । ੧੫ ਨਵੰਬਰ ੧੯੨੦ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਪੰਥਕ ਇਕੱਠ ਕਰਕੇ ੧੭੫ ਮੈਂਬਰਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ । ਪਰ ਖਜਾਨੇ ਦੀਆਂ ਚਾਬੀਆਂ ਸਰਬਰਾਹ ਪਾਸ ਹੀ ਰਹੀਆਂ, ਜਿਸ ਤੇ "ਚਾਬੀਆਂ ਦਾ ਮੋਰਚਾ" ਲੱਗਾ । ੧੪ ਦਸੰਬਰ ੧੯੨੦ ਨੂੰ ਅਕਾਲੀ ਦਲ ਬਣਿਆ ਤੇ ਮੋਰਚਾ ਤੇਜ਼ ਹੋ ਗਿਆ । ਇਕ ਸਾਲ ਦੀ ਜਦੋ-ਜਹਿਦ ਪਿਛੋਂ ੧੯ ਜਨਵਰੀ ੧੯੨੨ ਨੂੰ ਚਾਬੀਆਂ 'ਪੰਥ ਦੇ ਬੇਤਾਜ ਬਾਦਸ਼ਾਹ' ਸਰਦਾਰ ਖੜਕ ਸਿੰਘ ਨੂੰ ਸੌਂਪੀਆਂ ਗਈਆਂ । ਮੋਰਚਾ ਫਤਹਿ ਹੋਇਆ । ਇਸ ਅਵਸਰ ਤੇ ਮਹਾਤਮਾ ਗਾਂਧੀ ਨੇ ਵਧਾਈ ਦੀ ਤਾਰ ਦੇ ਕੇ ਲਿਖਿਆ ਆਜ਼ਾਦੀ ਦੀ ਜੰਗ ਦੀ ਅੱਧੀ ਜਿੱਤ ਹੋ ਗਈ । "ਇਸ ਸਮੇਂ ਵਿੱਚ ੨੦ ਫਰਵਰੀ ੧੯੨੧ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਰਤਿਆ ।

ਜਿਸ ਦਿਨ ਇਹ ਸਾਕਾ ਵਰਤਿਆ, ਭਾਈ ਹੀਰਾ ਸਿੰਘ ਜੀ ਰਾਗੀ ਗਲੋਟੀਆਂ (ਸਿਆਲਕੋਟ) ਦੇ ਦੀਵਾਨ ਵਿੱਚ ਕੀਰਤਨ ਕਰ ਰਹੇ ਸਨ । ਇਹ ਖਬਰ ਉਥੇ ਪੁੱਜਦਿਆਂ ਹੀ ਭਾਈ ਸਾਹਿਬ ਸਿੱਧੇ ਨਨਕਾਣਾ ਸਾਹਿਬ ਪੁਜੇ । ਬੇਅੰਤ ਸੰਗਤਾਂ ਜਨਮ-ਅਸਥਾਨ ਵੱਲ ਜਾ ਰਹੀਆਂ ਸਨ । ਆਪ ਵੀ ਸੰਗਤਾਂ ਦੇ ਨਾਲ ਸ਼ਬਦ "ਮਰਉ ਤਾਂ ਹਰਿ ਕੇ ਦੁਆਰ..." ਪੜ੍ਹਦੇ ਪੜ੍ਹਦੇ ਜਨਮ ਅਸਥਾਨ ਪੁਜੇ ਤਾਂ ਦਰਸ਼ਨੀ-ਡਿਊੜੀ ਤੇ ਪਹਿਰਾ ਸੀ । ਸੰਗਤਾਂ ਉਥੇ ਹੀ ਬੈਠ ਗਈਆਂ ਤੇ ਵੈਰਾਗਮਈ ਸ਼ਬਦ ਪੜ੍ਹਦੀਆਂ ਰਹੀਆਂ । ਅਗਲੇ ਦਿਨ ਜਦ ਦਰਵਾਜਾ ਖੁੱਲ੍ਹਾ ਤੇ ਭਾਈ ਸਾਹਿਬ ਵੀ ਸੰਗਤਾਂ ਦੇ ਨਾਲ ਅੰਦਰ ਗਏ । ਅੱਧਸੜੀਆਂ ਸਿੰਘਾਂ ਦੀਆਂ ਲਾਸ਼ਾ ਤੇ ਕਈ ਲੱਤਾਂ, ਬਾਹਾਂ, ਜੋ ਇਧਰ -ਉਧਰ ਖਿਲਰੀਆਂ ਪਈਆਂ ਸਨ, ਦੇਖ ਕੇ ਸਭ ਚਕਰਿਤ ਹੋ ਗਏ । ਇਹ ਐਸਾ ਦਰਦਨਾਕ ਦ੍ਰਿਸ਼ ਸੀ ਜੋ ਬ੍ਰਦਾਸ਼ਤ ਤੋਂ ਬਾਹਰ ਸੀ । ਜਦੋਂ ਚੌਖੰਡੀ ਦੇ ਅੰਦਰ ਜਾ ਕੇ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੋਲੀਆਂ ਨਾਲ ਜ਼ਖਮੀ ਕੀਤੀ ਬੀੜ ਵੇਖੀ ਤਾਂ ਆਪ ਦੀਆਂ ਭੁਬਾਂ ਨਿਕਲ ਗਈਆਂ । ਜਦੋਂ ਸ਼ਹੀਦ ਸਿੰਘਾਂ ਦੇ ਸਰੀਰਾਂ ਲਾਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਖੁਲੀ ਥਾਂ ਤੇ ਭਾਈ ਹੀਰਾ ਸਿੰਘ ਜੀ ਨੇ ਕੀਤਾ ਤੇ ਵਾਕ ਲਿਆ ਤਾਂ ਹੁਕਮ ਆਇਆ ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ । ..... (ਪੰਨਾ ੭੯੪) ਭਾਈ ਹੀਰਾ ਸਿੰਘ ਜੀ ਬਾਰ-ਬਾਰ ਪੜ੍ਹਦੇ ਸਨ " ਬਾਵਲਿ ਹੋਈ ਸੋ ਸਹੁ ਲੋਰਉ" ਅਤੇ ਸਮੁੱਚੀ ਸੰਗਤ ਦੇ ਨੇਤਰਾਂ 'ਚੋਂ ਫਰਲ ਫਰਲ ਨੀਰ ਚਲ ਰਿਹਾ ਸੀ ।

ਪਵਿੱਤਰ-ਪਾਵਨ ਬੀੜ ਵਿਚੋਂ ਸੱਤ ਗੋਲੀਆਂ, ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਨੇ ਆਪਣੀ ਹੱਥੀ ਕੱਢੀਆਂ ਸਨ ।

ਭਾਈ ਸਾਹਿਬ ਤਖਤ ਸਿੰਘ ਜੀ ਫਿਰੋਜ਼ਪੁਰ ਦੀ ਸੇਵਾ ਅੰਗੀਠਾ ਤਿਆਰ ਕਰਾਉਣ 'ਤੇ ਲਾਈ ਗਈ ਭਾਈ ਹੀਰਾ ਸਿੰਘ ਜੀ ਸੰਗਤਾਂ ਨੂੰ ਨਾਲ ਲੈ ਕੇ ਘੁਮਿਆਰਾਂ ਦੀ ਆਵੀ ਦੇ ਲਾਗਿਓ-ਚਾਗਿਓ ਦੇਹਾਂ ਲੈਣ ਲਈ ਚਲੇ ਗਏ । ਆਪ ਨੇ ਇਕ ਨਿੱਕੀ ਜਿਹੀ ਪਾਲਕੀ ਬਣਾ ਲਈ ਤੇ ਜਿਥੋਂ ਵੀ ਕੋਈ ਮਾਸ ਦਾ ਲੋਥੜਾ ਮਿਲਦਾ ਉਸ ਵਿੱਚ ਰੱਖ ਲੈਂਦੇ । ਆਪ ਵੈਰਾਗਮਈ ਸ਼ਬਦ ਪੜ੍ਹ ਰਹੇ ਸਨ, ਪਿੱਛੇ ਪਿੱਛੇ ਸੰਗਤਾਂ ਪੜ੍ਹਦੀਆਂ ਆ ਰਹੀਆਂ ਸਨ ।

ਵੀਹ ਫੁੱਟ ਲੰਬਾ ਤੇ ਅੱਠ ਫੁੱਟ ਚੌੜਾ ਅੰਗੀਠਾ

ਤਿਆਰ ਕੀਤਾ ਗਿਆ । ਵਿਚਕਾਰ ਤਿੰਨ ਸਾਬਤ ਦੇਹਾਂ ਚਿੱਖਾਂ ਉਤੇ ਰੱਖੀਆਂ ਗਈਆਂ, ਬਾਕੀ ਸ਼ਹੀਦ ਸਿੰਘਾਂ ਦੇ ਧੜ ਦੇ ਹਿੱਸੇ ਲੱਤਾ ਤੇ ਬਾਹਵਾਂ ਅਤੇ ਤਿੰਨ ਟੋਕਰੇ ਕੀਮਾ ਕੀਤੇ ਮਾਸ ਦੇ ਟੁਕੜੇ ਸਭ ਅੰਗੀਠੇ ਵਿੱਚ ਰੱਖ ਕੇ ਚਾਰ ਪੀਪੇ ਘਿਉ ਦੇ ਅੰਗੀਠੇ ਉਪਰ ਪਾਏ ਗਏ ।

ਸੰਗਤਾਂ ਸੱਜਲ ਨੈਣਾ ਨਾਲ ਵੈਰਾਗਮਈ ਦਸਾ ਵਿੱਚ "ਮਰਉ ਤਾ ਹਰਿ ਕੇ ਦੁਆਰ" ਸ਼ਬਦ ਪੜ੍ਹ ਰਹੀਆਂ ਸਨ । ਭਾਈ ਜੋਧ ਸਿੰਘ ਜੀ ਨੇ ਅਰਦਾਸਾ ਸੋਧਿਆ, ਸ੍ਰੀ ਜਪੁ ਜੀ ਦਾ ਪਾਠ ਹੋਇਆ " ਵਾਹਿਗੁਰੂ-ਵਾਹਿਗੁਰੂ" ਦਾ ਅਖੰਡ ਜਾਪ ਹੋਇਆ । ਉਪਰੰਤ ਕੀਰਤਨ ਸੋਹਿਲੇ ਦਾ ਪਾਠ ਹੋਇਆ । ਭਾਈ ਹੀਰਾ ਸਿੰਘ ਜੀ ਨੇ ਸਹੀਦੀ ਬੀੜ ਤੇ ਵਾਕ ਲਿਆ "ਜੋ ਲੋੜੀਂਦੇ ਰਾਮ ਸੇਵਕ ਸੇਈ ਕਾਢਿਆ "। ਇਸੇ ਤਰ੍ਹਾਂ ਅਗਸਤ ੧੯੨੨ ਨੂੰ "ਗੁਰੂ ਕੇ ਬਾਗ" ਦਾ ਮੋਰਚਾ ਲੱਗਾ । ਗੁਰੂ ਕੇ ਲੰਗਰ ਲਈ ਲਕੜੀ ਲੈਣ ਤੋਂ ਮਹੰਤ ਸੁੰਦਰ ਦਾਸ ਨੇ ਪੰਜ ਸਿੰਘ ਗ੍ਰਿਫਤਾਰ ਕਰਾ ਦਿਤੇ । ੨੯ ਅਗਸਤ ਨੂੰ ੬੦ ਸਿੰਘ ਹੋਰ ਫੜ ਲਏ ਗਏ । ੩੧ ਅਗਸਤ ਤੇ ਬਾਕਾਇਦਾ ੧੦੦-੧੦੦ ਸਿੰਘਾਂ ਦੇ ਜੱਥੇ ਜਾਣੇ ਸ਼ੁਰੂ ਹੋ ਗਏ ਬੀ. ਟੀ. ਨਾਮ ਦੇ ਅੰਗਰੇਜ਼ ਐਸ.ਪੀ. ਨੇ ਸਿੰਘਾਂ ਨੂੰ ਲਾਠੀਆਂ ਨਾਲ ਕੁੱਟਣ ਦਾ ਹੁਕਮ ਦੇ ਦਿੱਤਾ । ਕਈ ਮਹੀਨੇ ਇਹ ਮੋਰਚਾ ਲੱਗਾ ਰਿਹਾ । ਸਰ ਗੰਗਾ ਰਾਮ ਨੇ ਆਪਣੇ ਪਾਸੇ ਬਾਗ ਦਾ ਮੱਲ ਤਾਰ ਦੇ ਬਾਗ ਸਿੰਘਾਂ ਨੂੰ ਦਿਵਾਇਆ । ਇਸ ਤਰ੍ਹਾਂ ਸਰਕਾਰ ਨੇ ਆਪਣੀ ਇੱਜਤ ਬਚਾਈ । ੨੦ ਨਵੰਬਰ ੧੯੨੨ ਨੂੰ ਮੋਰਚਾ ਸਰ ਹੋਇਆ । ਇਸ ਮੋਰਚੇ ਵਿੱਚ ਕੁਲ ੫੬੦੩ ਸਿੰਘ ਕੈਦ ਹੋਏ ਸਨ । ਇਸ ਮੋਰਚੇ ਲਈ ਹਰ ਸ਼ਾਮ ਨੂੰ ਗੁਰੂ ਕੇ ਬਾਗ (ਮੰਜੀ ਸਾਹਿਬ) ਦੀਵਾਨ ਸਜਿਆ ਕਰਦੇ ਸਨ, ਜਿਨ੍ਹਾਂ ਵਿੱਚ ਭਾਈ ਹੀਰਾ ਸਿੰਘ ਜੀ ਆਪਣਾ ਯੋਗਦਾਨ ਕੀਰਤਨ ਕਰਕੇ ਤੇ ਸ਼ਹੀਦੀ ਪ੍ਰਸੰਗ ਸੁਣਾ ਕੇ ਪਾਇਆ ਕਰਦੇ ਸਨ ।

ਗੁਰਦੁਆਰਾ ਪ੍ਰਬੰਧ ਸੁਧਾਰ ਦੇ ਸਬੰਧ ਵਿੱਚ ਹੀ ਸ੍ਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਦਾ ਪ੍ਰੋਗਰਾਮ ਸਾਹਿਬ ਦੀ ਕਾਰ ਸੇਵਾ ਦਾ ਪ੍ਰੋਗਰਾਮ ਬਣਾਇਆ ਗਿਆ । ਸਰੋਵਰ ਦੀ ਗਾਰ ਕੱਢਣ ਲਈ ੧੭ ਜੂਨ ੧੯੨੩ ਨੀਯਤ ਕੀਤਾ ਗਿਆ । ਅੰਮ੍ਰਿਤ ਵੇਲੇ ਪਿਪਲੀ ਸਾਹਿਬ ਗੁਰਦੁਆਰਾ ਵਿਖੇ ਖਾਲਸਾ ਜੀ ਦਾ ਅਦੁੱਤੀ ਦੀਵਾਨ ਸੱਜਿਆ । ਸੰਗਤ ਦੀ ਹਾਜ਼ਰੀ ਦਾ ਅਨੁਮਾਨ ਤਿੰਨ ਲੱਖ ਦਾ ਲਗਾਇਆ ਗਿਆ ਸੀ । ਸ੍ਰੀ ਮਾਨ ਸੰਤ ਅਤਰ ਸਿੰਘ ਜੀ, ਮਹਾਰਾਜ ਦੀ ਤਾਬਿਆ ਬੈਠੇ ਸਨ ਤੇ ਆਸਾ ਜੀ ਦੀ ਵਾਰ ਦਾ ਕੀਰਤਨ ਭਾਈ ਹੀਰਾ ਸਿੰਘ ਜੀ ਦੇ ਜੱਥੇ ਨੇ ਕੀਤਾ ਸੀ । ਸਵਾ ਪੰਜ ਵਜੇ ਖਾਲਸਾ ਕਾਲਜ ਵਲੋਂ ਇਕ ਬਾਜ਼ ਆਇਆ । ਸੰਗਤਾਂ ਦੀ ਪ੍ਰਕਰਮਾ ਕਰਕੇ ਵਾਪਸ ਚਲਾ ਗਿਆ । ਇਸ ਨਾਲ ਸੰਗਤਾਂ ਵਿਚ ਉਤਸਾਹ ਚੜ੍ਹਦੀ ਕਲਾ ਤੇ ਜੋਸ਼ ਵਾਲਾ ਵਾਤਾਵਰਣ ਸਿਰਜਿਆ ਗਿਆ ।

ਕਾਰ-ਸੇਵਾ ਦੇ ਮੌਕੇ ਤੇ ਇਕ ਹੋਰ ਵਚਿੱਤਰ ਘਟਨਾ ਵਾਪਰੀ, ਜਿਸ ਨਾਲ ਪੰਥ ਦਾ ਵਕਾਰ ਹੋਰ ਉਚਾ ਹੋਇਆ । ਇਸ ਸਮੇਂ ਮਹਾਰਾਜਾ ਪਟਿਆਲਾ ਨੇ ਅਕਾਲ ਤਖਤ ਸਾਹਿਬ ਤੇ ਹਾਜ਼ਰ ਹੋ ਕੇ ਅੰਮ੍ਰਿਤ ਦੀ ਦਾਤ ਹੱਥ ਜੋੜ ਕੇ ਮੰਗੀ । ਮਹਾਰਾਜਾ ਸਾਹਿਬ ਨੂੰ ਸਿੱਖ ਰਹਿਤ ਮਰਯਾਦਾ ਅਨੁਸਾਰ ਪਹਿਲੋਂ ਤਨਖਾਹ ਲਗਾਈ ਗਈ, ਜੋ ਆਪ ਨੇ ਨਿਮ੍ਰਤਾ ਸਹਿਤ ਪ੍ਰਵਾਨ ਕੀਤੀ । ਉਪਰੰਤ ਅੰਮ੍ਰਿਤ ਛਕਾਇਆ ਗਿਆ ਤਾਂ ਮਹਾਰਾਜਾ ਨੇ ਕਾਰ ਸੇਵਾ ਕੀਤੀ । ਮਹਾਰਾਜਾ ਨੇ ਦਿਲ ਦੀ ਗਹਿਰਾਈਆਂ 'ਚੋਂ ਨਿਕਲੇ ਸਬਦਾਂ ਰਾਹੀਂ ਆਪਣੇ ਆਪ ਨੂੰ ਪੰਥ ਦਾ ਸੇਵਕ ਤੇ ਦਾਸ ਕਹਿੰਦਿਆਂ ਹੋਇਆ, ਗੁਰਬਾਣੀ ਦੀ ਇਹ ਤੁੱਕ ਪੜ੍ਹੀ "ਤੁਧੁ ਆਗੇ ਅਰਦਾਸਿ ਹਮਾਰੀ ਜੀਉ ਪਿੰਡ ਸਭੁ ਤੇਰਾ । ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨਾ ਜਾਣੈ ਮੇਰਾ ॥ " ਤੇ ਕਿਹਾ "ਪਟਿਆਲੇ ਦਾ ਰਾਜ ਤੇ ਖਜਾਨਾ ਗੁਰੂ ਦਾ ਹੈ, ਸਿੱਖ ਗੁਰੂ ਦੇ ਹਨ, ਮੈਂ ਗੁਰੂ ਦਾ ਹਾਂ, ਮੈਂ ਸਦਾ ਪੜ੍ਹਦਾ ਰਹਿੰਦਾ ਹਾਂ, "ਮੈਂ ਨਹੀ ਕਿਛ ਹਉ ਨਾਹੀ ਕਿਛੁ ਆਹੇ ਨਾ ਮੇਰਾ । ਅਉਸਰ ਲਜਾ ਰਾਖ ਲੈ ਸਧਨਾ ਜਨ ਤੇਰਾ ॥ ਫੇਰ ਮਹਾਰਾਜਾ ਨੇ ਪੰਥ ਪਾਸੋ ਮੰਗ ਕੀਤੀ ਕਿ ਅਰਦਾਸ ਕਰੋ ਸਤਿਗੁਰੂ ਆਪਣੇ ਘਰ ਦੇ ਇਸ ਸੇਵਕ ਨੂੰ ਸਿੱਖੀ ਸਿਦਕ ਬਕਸ਼ਣ ਤੇ ਸੇਵਾ ਕਰਨ ਦਾ ਬਲ ਬਖਸ਼ਣ । " ਚੀਫ ਖਾਲਸਾ ਦੀਵਾਨ ਦਾ ਜੱਥਾ ਸੇਵਾ ਕਰਨ ਲਈ ਭਾਈ ਹੀਰਾ ਸਿੰਘ ਜੀ ਤੇ ਸੰਤ ਸੰਗਤ ਸਿੰਘ ਜੀ ਦੀ ਅਗਵਾਈ ਵਿੱਚ ਦਰਬਾਰ ਸਾਹਿਬ ਪੁੱਜਾ ਤੇ ਵੱਧ-ਚੜ੍ਹਕੇ ਸੇਵਾ ਕੀਤੀ ।

ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗਦੀਉ ਲਾਹੁਣ ਦੇ ਰੋਸ ਵਜੋਂ ੯ ਜੁਲਾਈ ੧੯੨੩ ਨੂੰ ਹੋਈ ਐਜੀਟੇਸ਼ਨ ਨੇ "ਜੈਤੋ ਦੇ ਮੋਰਚੇ" ਦਾ ਰੂਪ ਧਾਰਨ ਕਰ ਲਿਆ । ੧੪ ਸਤੰਬਰ ਨੂੰ ਗੁਰਦੁਆਰਾ ਗੰਗਸਰ ਵਿਖੇ

ਅਖੰਡ ਪਾਠ ਆਰੰਭ ਕੀਤਾ ਗਿਆ ਪਰ ਨੌਕਰਸ਼ਾਹੀ ਨੇ ਪਾਠੀ ਸਿੰਘ ਨੂੰ ਜ਼ਬਰਦਸਤੀ ਉਠਾ ਕੇ ਅਖੰਡਪਾਠ ਖੰਡਨ ਕੀਤਾ ਤਾਂ ਐਜੀਟੇਸ਼ਨ ਭੱਖ ਪਈ । ੧੫ ਸਤੰਬਰ ਤੋਂ ੨੫-੨੫ ਸਿੰਘ ਦੇ ਜੱਥੇ ਅਕਾਲ ਤਖਤ ਸਾਹਿਬ ਤੇ ਪੂਰਨ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਜਾਣ ਲਗੇ । ਉਸ ਤੋਂ ਪਿਛੋ ਵੱਡੇ ਵੱਡੇ ਜੱਥੇ ਦੇਸ਼ ਦੇ ਹਰ ਹਿੱਸੇ ਤੋਂ ਤੇ ਬੰਦੇ ਬਦੇਸ਼ਾਂ ਤੋਂ ਵੀ ਜਾਣ ਲੱਗ ਪਏ । ਇਹ ਸਿਲਸਿਲਾ ਜਨਵਰੀ ੧੯੨੪ ਤੱਕ ਜਾਰੀ ਰਿਹਾ । ਲਗਪਗ ਪੰਜ ਹਜ਼ਾਰ ਸਿੰਘ ਇਸ ਮੋਰਚੇ 'ਚ ਕੈਦ ਹੋਏ । ੯ ਫਰਵਰੀ ਤੋਂ ਪਹਿਲਾ ਪੰਜ ਸੌ ਸਿੰਘਾਂ ਦਾ ਸ਼ਹੀਦੀ ਜੱਥਾ ਗਿਆ । ਇਸ ਜੱਥੇ ਪਰ ਗੋਲੀ ਚੱਲੀ, ਜਿਸ ਨਾਲ ਬਹੁਤ ਸਾਰੇ ਸਿੰਘ ਸ਼ਹੀਦ ਹੋਏ, ਕਈ ਜ਼ਖਮੀ ਵੀ ਹੋਏ । ਕੁਲ ੧੭ ਸ਼ਹੀਦੀ ਜੱਥੇ ਮੋਰਚੇ ਵਿੱਚ ਗਏ, ਅੰਤ ਸਰਕਾਰ ਨੇ ਹਰ ਮੰਨ ਲਈ ਤੇ ੨੧ ਜੁਲਾਈ ੧੯੨੫ ਨੂੰ ਗੁਰਦੁਆਰਾ ਗੰਗਸਰ ਵਿਖੇ ਅਖੰਡਪਾਠਾਂ ਤੇ ਲਗਾਈ ਪਾਬੰਧੀ ਹਟਾਈ ਗਈ । ਇਸ ਤਰ੍ਹਾਂ ਜੈਤੋ ਦਾ ਇਹ ਮੋਰਚਾ ਬੜੀ ਸ਼ਾਨ ਤੇ ਸਫਲਤਾ ਨਾਲ ਜਿੱਤਿਆ ਗਿਆ ।

ਜੈਤੋ ਦੇ ਮੋਰਚੇ ਦੇ ਸਬੰਧ ਵਿੱਚ ਭਾਈ ਹੀਰਾ ਸਿੰਘ ਜੀ ਨੇ ਆਪਣੀ ਸੇਵਾ ਸ਼੍ਰੋਮਣੀ ਕਮੇਟੀ ਦੇ ਅਰਪਨ ਕੀਤੀ । ਆਪ ਦੀ ਸੇਵਾ ਸ੍ਰੀ ਅਕਾਲ ਤਖਤ ਸਾਹਿਬ ਤੇ ਕੀਰਤਨ ਕਰਨ ਦੀ ਲਗਾਈ ਗਈ । ਕੀਰਤਨ ਰਾਹੀਂ ਭਾਈ ਹੀਰਾ ਸਿੰਘ ਜੀ ਨੇ ਵਿਆਖਿਆ ਕਰਦਿਆਂ ਸਿੰਘਾਂ ਅੰਦਰ ਸਿੱਖੀ ਸਿਦਕ ਦੀ ਉਹ ਸਪਿਰਟ ਭਰੀ ਕਿ ਮੋਰਚੇ ਵਿੱਚ ਜਾਣ ਵਾਲੇ ਸਿੰਘ ਉਤਸ਼ਾਹ ਤੇ ਕੁਰਬਾਨੀ ਦੇ ਜਜ਼ਬੇ ਨਾਲ ਭਰ ਜਾਂਦੇ ਇਕ ਜੱਥੇ ਦੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਭਾਈ ਸਾਹਿਬ ਨੇ ਆਖਿਆ "ਮੇਰੇ ਕਲਗੀਧਰ ਜੀ ਦੇ ਸਰੂਪ, ਮੇਰੇ ਪੂਜਨੀਕ ਗੁਰੂ ਖਾਲਸਾ ਜੀਓ ਜੀਅ ਕਰਦਾ ਹੈ ਕਿ ਤੁਹਾਡੇ ਚਰਨ ਚੁੰਮ ਲਵਾ, ਚਰਨ ਧੂੜੀ ਆਪਣੇ ਸਿੱਖੀ-ਸਿਦਕ ਨੂੰ ਹਜ਼ਾਰ ਵਾਰੀ ਪ੍ਰਣਾਮ ਕਰਦਾ ਹਾਂ । ਤੁਸੀਂ ਨਿੱਡਰ ਤੇ ਨਿਸਚਿੰਤ ਹੋ ਕੇ ਸ਼ਹੀਦੀ ਪਾਉਣ ਜਾਣ ਲਈ ਤਿਆਰ ਖੜੇ ਹੋ । ਤੁਸਾਂ ਸ਼ਾਤਮਈ ਰਹਿਣਾ ਹੋਵੇਗਾ । ਸ੍ਰੀ ਗੰਗਸਰ ਪੁਜਦਿਆਂ ਤੱਕ ਤੁਹਾਡੀ ਰਸਨਾ ਤੇ ਇਹੀ ਨਿਕਲਦਾ ਰਿਹੇ "ਮੁਹਿ ਮਰਨੇ ਕਾ ਚਾਉ ਹੈ ਮਰਉ ਤਾਂ ਹਰਿ ਕੈ ਦੁਆਰ ॥ ਮਤ ਹਰਿ ਪੁਛੈ ਕਉਨ ਹੈ ਪਰਾ ਹਮਾਰੇ ਬਾਰ ॥" ਆਪਣਾ ਪ੍ਰਭਾਵਸ਼ਾਲੀ ਭਾਸ਼ਨ ਜਾਰੀ ਰੱਖਦਿਆਂ ਹੋਇਆਂ ਅਗੇ ਭਾਈ ਹੀਰਾ ਸਿੰਘ ਜੀ ਨੇ ਕਿਹਾ, "ਜਿਹੜਾ ਕਲਗੀਆਂ ਵਾਲਾ ਸਤਿਗੁਰੂ ਭਾਈ ਜੋਗਾ ਸਿੰਘ ਨੂੰ ਪਾਪਾਂ ਗੁਨਾਹਾਂ ਦੇ ਖੱਡੇ ਵਿੱਚ ਡਿਗਣੋ ਬਚਾਣ ਲਈ ਸਾਰੀ ਰਾਤ ਵੇਸ਼ਵਾ ਦੇ ਦਰ ਤੇ ਪਹਿਰਾ ਦੇਂਦਾ ਰਿਹਾ, ਉਹ ਤੁਹਾਨੂੰ ਧਰਮ ਕੌਮ ਤੇ ਦੇਸ਼ ਨੂੰ ਬਚਾਣ ਵਾਲੇ ਸੂਰਬੀਰਾਂ ਦੀ ਬਹੁੜੀ ਕਿਉਂ ਨਾ ਕਰੇਗਾ ? ਦਸ਼ਮੇਸ਼ ਪਿਤਾ ਜੀ ਸਦਾ ਤੁਹਾਡੇ ਅੰਗ-ਸੰਗ ਹਨ । ਮੇਰੇ ਪੂਜ ਗੁਰ ਸਿਖੋ । ਮੇਰੀਆਂ ਅੱਖਾਂ ਨਾਲ ਵੇਖੋ । ਔਹ ਸਰਸਾ ਵਿੱਚ ਖੜਾ ਸੀਸ ਤੇ ਖੰਡੇ ਚੱਕਰ ਲਗਾ ਕੇ, ਗਾਤਰੇ ਸ੍ਰੀ ਸਾਹਿਬ ਸਜਾ ਕੇ, ਆਪਣੀ ਲੰਬੀ ਬਾਂਹ ਤੁਹਾਡੇ ਵੱਲ ਉਲਾਰ ਕੇ ਕਹਿ ਰਿਹਾ ਹੈ-

"ਜੁਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ।
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,
ਇਨ ਹੀ ਕੇ ਪ੍ਰਸਾਦਿ ਧਨਧਾਮ ਭਰੇ ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹਿ ਮੋ ਸੋ ਗਰੀਬ ਕਰੋਰ ਪਰੇ ।"

ਇਹ ਸੁਣਕੇ ਹਜ਼ਾਰਾਂ ਸਿੱਖ ਸੰਗਤਾਂ ਦੇ ਨੇਤਰ ਸੱਜਲ ਹੋ ਗਏ । ਇਥੋ ਤੱਕ ਕਿ ਸੀ.ਆਈ.ਡੀ. ਦੇ ਸਿਪਾਹੀ, ਥਾਣੇਦਾਰ ਤੇ ਵੱਡੇ ਪੁਲੀਸ ਅਫਸਰ ਨੇ ਆਪਣੇ ਵੈਰਾਗ ਭਰੇ ਅਥਰੂਆਂ ਨੂੰ ਛੁਪਾਣ ਲਈ ਮੂੰਹਾਂ ਨੂੰ ਰੁਮਾਲਾ ਨਾਲ ਢੱਕ ਲਿਆ । ਐਸਾ ਸੀ ਭਾਈ ਹੀਰਾ ਸਿੰਘ ਤੇ ਐਸਾ ਸੀ ਉਸ ਦੇ ਲੈਕਚਰ ਦਾ ਅਸਰ ਤੇ ਪ੍ਰਤੀਕਰਮ । ਐਸਾ ਮਹਾਨ ਕੀਰਤਨੀਆ, ਮਹਾਨ ਵਿਆਖਿਆਕਾਰ, ਮਹਾਨ ਮਨੁੱਖ, ਭਾਈ ਹੀਰਾ ਸਿੰਘ ਦਰਗਾਹੀ ਸੱਦੇ ਆਉਣ ਤੇ "ਧੰਨ ਗੁਰੂ ਨਾਨਕ" ਦਾ ਜਾਪ ਕਰਦਾ ਦੇ ਸਤੰਬਰ ੧੯੨੬ ਨੂੰ ਗੁਰਪੁਰੀ ਸਿਧਾਰ ਗਿਆ । ਪ੍ਰੋਫੈਸਰ ਪੂਰਨ ਸਿੰਘ ਜੀ ਨੇ ਭਾਈ ਹੀਰਾ ਸਿੰਘ ਜੀ ਬਾਰੇ ਲਿਖਿਆ ਸੀ :-

"ਤੂੰ ਭਰਾਵਾ ਦੱਸਿਆ-ਮਨੁੱਖ ਹੋਣਾ ।
ਬੱਸ ਮਿਠੀ ਆਵਾਜ ਹੈ,
ਸਿੱਖ ਹੋਣਾ ਚੁੱਪ ਹੋਣਾ ਕੰਬ ਖਲੋਣਾ,
ਪੱਥਰ ਮੋਮ ਕਰਨੇ ਆਵਾਜ਼ ਨਾਲ,
ਦਿਲ ਛਪਾਣਾ ਆਪਣਾ ਤੇ ਦਿਲ
ਹਿਲਾਣਾ ਸੰਸਾਰ ਦਾ,
ਰਹਿਣਾ ਨਿਮਾਣਾ ਪਰ ਸਦਾ ਉਠਾਣਾ
ਝੰਡਾ ਅਕਾਲੀ ਸਰਕਾਰ ਦਾ ॥"

# ਸਤਰੰਗੀ ਪੀਂਘ ਦੇ ਰੰਗ

**ਸੁਰਜੀਤ ਸਿੰਘ ਮਰਜਾਰਾ**



ਸ਼੍ਰੋਮਣੀ ਰਾਗੀ, ਭਾਈ ਉਤਮ ਸਿੰਘ ਜੀ ਪਤੰਗ ਇੱਕ ਸੰਸਥਾ ਸਨ । ਸੰਸਥਾ ਵੀ ਉਹ, ਜੋ ਸਤਰੰਗੀ ਪੀਂਘ ਦੇ ਰੰਗਾਂ ਵਾਂਗ ਪਿਆਰੇ ਪਿਆਰੇ ਰੰਗ ਬਖੇਰਦੇ ਰਹੇ ।

ਸੱਤਰਵਿਆਂ ਵਿਚ, ਸ੍ਰੋ. ਗੁ: ਪ੍ਰੰ: ਕਮੇਟੀ ਦੇ ਪ੍ਰਧਾਨ- ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਉਦਮ ਸਦਕਾ, ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਹੋਂਦ ਵਿਚ ਆਈ ਜੋ ਹੁਣ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਜੋਂ ਸਥਾਪਿਤ ਹੈ । ਸਭਾ ਦੇ ਪਹਿਲੇ ਪ੍ਰਧਾਨ - ਸ੍ਰ. ਹੁਕਮ ਸਿੰਘ ਤੇ ਜ. ਸਕੱਤਰ ਗਿ. ਗੁਰਦਿਤ ਸਿੰਘ ਸਨ । ਉਸ ਵੇਲੇ ਸਭਾ ਦਾ ਇੱਕ ਯੂਨਿਟ, ਸਾਡੇ ਸ਼ਹਿਰ- ਮੰਡੀ ਗੋਬਿੰਦਗੜ੍ਹ ਵਿਖੇ ਵੀ ਸਥਾਪਿਤ ਕੀਤਾ ਗਿਆ ਸੀ । ਸਥਾਨਿਕ ਯੂਨਿਟ ਵਿੱਚ ਸ੍ਰ. ਪਿਆਰਾ ਸਿੰਘ ਪ੍ਰਧਾਨ ਤੇ ਦਾਸ ਨੂੰ, ਜ. ਸਕੱਤਰ ਵਜੋਂ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ । ਸਾਡੀ ਯੂਨਿਟ ਪੂਰੇ ਨੌਂ ਵਰ੍ਹੇ ਪੂਰੀ ਗਰਮ ਜੋਸ਼ੀ ਨਾਲ ਕਥਾ, ਕੀਰਤਨ ਤੇ ਗੁਰਮਤ ਵੀਚਾਰਧਾਰਾ ਦੇ ਪਰਸਾਰ ਲਈ ਯਤਨਸ਼ੀਲ ਰਹੀ । ਇਸ ਸਮੇਂ ਦੌਰਾਨ ਅਨੇਕਾਂ ਕੀਰਤਨ ਦਰਬਾਰ ਤੇ ਗੁਰਮਤ ਸਮਾਗਮਾਂ ਰਚਾਏ ਗਏ । ਸਾਡੇ ਲਈ ਇਹ ਮਾਣ ਵਾਲੀ ਗੱਲ ਰਹੀ ਕਿ ਜਦੋਂ ਵੀ ਅਸੀਂ ਉਪਰੋਕਤ ਕਾਰਜਾਂ ਦੀ ਪੂਰਤੀ ਲਈ, ਪਤੰਗ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ, ਆਪ ਨੇ ਹਰ ਸਮੇਂ ਹੀ, ਖਿੜੇ ਮੱਥੇ ਸਾਡਾ ਸਾਥ ਦਿਤਾ ਤੇ ਸਾਡੀਆਂ ਜਿੰਮੇਵਾਰੀਆਂ ਨੂੰ, ਆਪਣੀਆਂ ਜਿੰਮੇਵਾਰੀਆਂ ਸਮਝਿਆ । ਹਰ ਕੀਰਤਨ ਦਰਬਾਰ ਵਿਚ ਉਹ ਪੇਸ਼ ਪੇਸ਼ ਰਹੇ । ਸਾਡੇ ਸਹਿਰ ਵਿਚ, ਇਹਨਾਂ ਕੀਰਤਨ ਦਰਬਾਰਾਂ ਸਦਕਾ ਆਪ ਦੇ ਅਨੇਕਾਂ ਸਰੋਤੇ ਤੇ ਸ਼ਰਧਾਲੂ ਬਣ ਗਏ ਸਨ, ਜੋ ਆਪਨੂੰ ਆਪਣੇ ਪਰਿਵਾਰਕ ਸਮਾਗਮਾਂ ਵਿਚ ਵੀ ਯਾਦ ਕਰਦੇ ਰਹੇ ।

ਸ਼ਹੀਦਾਂ ਦੀ ਮਹਾਨ ਖ਼ਾਨਗਾਹ - ਸ੍ਰੀ ਫਤਹਿਗੜ੍ਹ ਸਾਹਿਬ ਨਾਲ ਆਪ ਦਾ ਅਟੁੱਟ ਸਬੰਧ ਰਿਹਾ ਹੈ । ਜਦੋਂ ਵੀ ਖ਼ਾਨਗਾਹ ਦੀ ਸਰਦਲ ਤੇ ਨਤਮਸਤਕ ਹੋਣ ਲਈ ਜਾਣ ਦਾ ਅਵਸਰ ਬਣਿਆ ਤਾਂ ਭਾਈ ਸਾਹਿਬ ਬਹੁਤ ਸਮਿਆਂ ਤੇ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਹੀ ਮਿਲੇ । ਆਪਦੇ ਕੀਰਤਨ ਦਾ ਅੰਦਾਜ ਵਿਲਖਣ ਸੀ । ਉਹ ਹਮੇਸ਼ਾਂ ਆਪਣੀ ਸੁਰਤ ਨੂੰ, ਸ਼ਬਦ-ਗੁਰੂ ਵਿਚ ਲਾਈ ਰਖਦੇ ਸਨ । ਕੀਰਤਨ ਕਰਦੇ ਸਮੇਂ ਉਹ ਖੋ ਜਾਂਦੇ ਸਨ । ਲੋਕ-ਸੰਗੀਤ ਤੋਂ ਲੈ ਕੇ ਕਲਾਸੀਕਲ ਸੰਗੀਤ ਤਕ ਦਾ ਸਫਰ, ਆਪ ਆਪਣੇ ਸਰੋਤਿਆਂ ਨੂੰ ਸਹਿਜੇ ਹੀ ਕਰਵਾ ਦਿੰਦੇ ਸਨ । ਸ਼ੀਰੀਂ ਆਵਾਜ਼ ਦੇ ਮਾਲਕ, ਭਾਈ ਸਾਹਿਬ, ਆਪਣੇ ਸਰੋਤਿਆਂ ਨੂੰ ਵੀ, ਆਪਣੇ ਨਾਲ ਹੀ ਮੰਤਰ ਮੁਗਧ ਕਰੀ ਰੱਖਦੇ ਸਨ । ਫਿਲਮੀ ਧੁੰਨਾਂ ਤੋਂ ਆਪ ਕੋਹਾਂ ਦੂਰ ਸਨ । ਟਕਸਾਲੀ ਗੁਰਮਤ ਸੰਗੀਤ ਦੇ ਆਪ ਇੱਕ ਨਿਪੁੰਨ ਸੰਗੀਤਕਾਰ ਸਨ, ਜਿਨ੍ਹਾਂ ਦਾ ਸ਼ੁਮਾਰ, ਪੰਥ ਦੇ ਸ੍ਰੋਮਣੀ ਰਾਗੀਆਂ ਵਿਚ ਸਹਿਜੇ ਹੀ ਕੀਤਾ ਜਾ ਸਕਦਾ ਹੈ । ਕੁਝ ਵਰ੍ਹੇ ਪਹਿਲਾਂ, ਭਾਸ਼ਾ ਵਿਭਾਗ ਪੰਜਾਬ ਨੇ ਵੀ, ਆਪਨੂੰ ਸ੍ਰੋਮਣੀ ਰਾਗੀ ਵਜੋਂ ਸਤਿਕਾਰਿਆ ਸੀ ।

ਭਾਈ ਸਾਹਿਬ ਨੇ ਕਦੇ ਵੀ ਮੂੰਹੋਂ ਮੰਗ ਕੇ, ਕੀਰਤਨ ਭੇਟ ਲਈ ਨਹੀਂ ਸੀ ਕਿਹਾ । ਜੇ ਕੋਈ ਸਤਿਕਾਰ ਦਾ ਹੈ, ਤਦ ਵੀ ਪ੍ਰਸੰਨ-ਚਿੱਤ ਸਨ, ਜੇ ਕੋਈ ਭੇਟਾ ਨਾ ਵੀ ਕਹੇ ਤਦ ਵੀ ਖਿੜੇ ਮਿੱਥੇ, ਕੀਰਤਨ-ਪ੍ਰੇਮੀਆਂ ਦਾ ਆਦਰ ਕਰਦੇ ਸਨ । ਮਾਇਆ ਪਿੱਛੇ ਉਹਨਾਂ ਕਦੇ ਵੀ ਆਪਣੀ ਕਲਾ ਦਾ ਮੁੱਲ ਨਾ ਪਵਾਇਆ । ਆਪਣੇ ਸਰੋਤਿਆਂ ਨੂੰ ਹੀ, ਉਹ ਆਪਣੀ ਵੱਡੀ ਦੌਲਤ ਸਮਝਦੇ ਸਨ । ਮਾਇਆ ਤੋਂ ਆਪ ਨਿਰਲੇਪ ਹੀ ਰਹੇ ।

ਭਾਈ ਸਾਹਿਬ ਹਮੇਸ਼ਾਂ ਸਿਮਰਨ ਵਿਚ ਲੀਨ ਰਹਿਣ ਵਾਲੇ ਸਨ । ਇੱਕ ਸਿਮਰਨਾ ਉਹਨਾਂ ਦੇ ਅੰਗ ਸੰਗ ਰਹਿੰਦਾ ਸੀ । ਚਿੱਟੇ ਚਿੱਟੇ ਮਣਕਿਆਂ ਵਾਲਾ ਇਹ ਸਿਮਰਨਾਂ, ਸਦਾ ਹੀ ਆਪਨੂੰ ਪ੍ਰਭੂ-ਭਗਤੀ ਵਿਚ ਜੋੜੀ ਰੱਖਦਾ ਸੀ ।

ਕੁਝ, ਵਰ੍ਹੇ ਪਹਿਲਾਂ, ਇਹਨਾਂ ਸਤਰਾਂ ਦੇ ਲੇਖਕ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ, ਆਪਣੇ ਮਿੱਤਰ ਨਾਲ ਮੋਟਰ ਸਾਇਕਲ ਤੇ ਕਿਸੇ ਕਾਰਜ ਦੀ ਪੂਰਤੀ ਲਈ ਜਾਣਾ ਪਿਆ । ਉਤਰਾਈ ਸਮੇਂ, ਕਿਸੇ ਸਕੂਟਰ-ਚਾਲਕ ਨੇ, ਬੜੀ ਬੇਧਿਆਨੀ ਨਾਲ ਸਕੂਟਰ ਚਲਾਂਦਿਆਂ ਆਪਣਾ ਸਕੂਟਰ , ਸਾਡੇ ਮੋਟਰ-ਸਾਇਕਲ ਵਿਚ ਦੇ ਮਾਰਿਆ । ਅਸਲ ਵਿਚ ਉਸ ਸਮੇਂ ਸਕੂਟਰ-ਚਾਲਕ ਕਿਸੇ ਹੋਰ ਪਾਸੇ ਦੇਖ ਰਿਹਾ ਸੀ ਤੇ ਇਹ ਦੁਰਘਟਨਾ ਵਾਪਰ ਗਈ ਸੀ । ਅਸੀਂ ਸੜਕ ਤੇ ਡਿਗੇ ਪਏ ਸਾਂ । ਉਸ ਵੇਲੇ ਜਿਹਨਾਂ ਸਹਾਇਕ-ਹੱਥਾਂ ਨੇ ਸਾਨੂੰ ਆ ਕੇ ਸੰਭਾਲਿਆ ਉਹ ਪਤੰਗ ਸਾਹਿਬ ਦੇ ਹੀ ਸਨ । ਆਪ ਇੱਕ ਪਰਉਪਕਾਰੀ ਵਿਅਕਤੀ ਵੀ ਸਨ ।

ਪਿਛਲੇ ਵਰ੍ਹੇ, ਮੇਰੇ ਇੰਗਲੈਂਡ ਜਾਣ ਤੋਂ ਪਹਿਲਾਂ, ਸਾਡੇ ਸ਼ਹਿਰ ਵਿਚ ਇੱਕ ਮਾੜੀ ਘਟਨਾ ਵਾਪਰੀ । ਇੱਕ ਸਕੂਲ-ਅਧਿਆਪਕ ਬੀਬੀ ਦਾ ਭਰ ਜਵਾਨੀ ਵਿਚ, ਕੁਝ ਚਿਰ ਬਿਮਾਰ ਰਹਿਣ ਪਿਛੋਂ ਦਿਹਾਂਤ ਹੋ ਗਿਆ ਸੀ । ਬੀਬੀ ਸਾਇੰਸ-ਅਧਿਆਪਕਾ ਸੀ ਤੇ ਸੰਗੀਤ ਦੀ ਐਮ.ਏ. ਵੀ ਸੀ । ਉਸਦੀ ਅੰਤਮ ਅਰਦਾਸ ਸਮੇਂ, ਭੋਗ ਤੋਂ ਪਹਿਲਾਂ, ਭਾਈ ਸਾਹਿਬ ਨੇ ਕੀਰਤਨ ਕੀਤਾ ਸੀ । ਕੀਰਤਨ ਬਹੁਤ ਹੀ ਵੈਰਾਗਮਈ ਸੀ । ਉਸ ਸਮੇਂ ਆਪ ਨੇ ਇੱਕ ਸ਼ਬਦ ਦੀ ਵਿਆਖਿਆ ਵੀ ਕੀਤੀ । ਇੱਕ ਸਫਲ ਵਿਆਖਿਆਕਾਰ ਵਜੋਂ, ਉਸ ਸਮੇਂ ਹੀ ਆਪਨੂੰ ਵੇਖਣ ਦਾ ਅਵਸਰ ਮਿਲਿਆ ਸੀ । ਵਿਆਖਿਆ ਕਰਦੇ ਕਰਦੇ ਆਪ ਕਹਿ ਗਏ ਸਨ, "ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਜਿਸ ਬੀਬੀ ਦੇ ਮੈਂ ਅਨੰਦ ਕਾਰਜ ਕਰਵਾਏ ਸਨ, ਅੱਜ ਉਸ ਦੀ ਅੰਤਮ-ਵਿਦਾਇਗੀ ਦਾ ਕੀਰਤਨ ਵੀ ਮੈਨੂੰ ਹੀ ਕਰਨਾ ਪੈ ਰਿਹਾ ਹੈ...." ਗੱਲ ਕਹਿੰਦਿਆਂ ਕਹਿੰਦਿਆਂ ਆਪ ਬੇਹਦ ਭਾਵਕ ਹੋ ਗਏ ਸਨ ਤੇ ਆਪ ਦੇ ਨੇਤਰ ਵੀ ਸੇਜਲ ਹੋ ਗਏ ਸਨ ।

ਇਸ ਘਟਨਾ ਤੋਂ ਜਲਦੀ ਪਿਛੋਂ ਹੀ, ਮੈਂ ਇੰਗਲੈਂਡ ਚਲਾ ਗਿਆ ਸਾਂ, ਪਰ ਜਦੋਂ ਸਾਲ ਦੇ ਅੰਤਲੇ ਮਹੀਨਿਆਂ ਵਿਚ, ਵਾਪਸ ਦੇਸ਼ ਪਰਤਿਆ ਤਾਂ ਮੈਨੂੰ, ਸ੍ਰ. ਪ੍ਰੀਤਮ ਸਿੰਘ ਸੋਢੀ ਹੋਰਾਂ ਰਾਹੀਂ ਆਪ ਦੇ ਅਕਾਲ ਚਲਾਣੇ ਬਾਰੇ ਸੂਚਨਾ ਮਿਲੀ । ਸੱਚ ਨਹੀਂ ਸੀ ਆ ਰਿਹਾ, ਪਰ ਇਹ ਹਕੀਕਤ ਸੀ ਜਿਸਦੀ ਪੁਸ਼ਟੀ, ਮਗਰੋਂ ਡਾ. ਜਗੀਰ ਸਿੰਘ ਹੋਰਾਂ ਵੀ ਕਰ ਦਿੱਤੀ ਸੀ । ਡਾਕਟਰ ਸਾਹਿਬ ਨੇ ਦੱਸਿਆ ਸੀ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸਮੇਂ ਹੀ, ਉਹ ਕੁਝ ਕੁਝ ਬਿਮਾਰ ਰਹਿਣ ਲਗ ਪਏ ਸਨ । ਘਰ ਆ ਕੇ ਕੁਝ ਦਿਨਾਂ ਪਿਛੋਂ ਹੀ ਆਪ 'ਪ੍ਰੀਤਮ ਦੇ ਦੇਸ' ਵਸ ਉਡਾਰੀਆਂ ਲਾ ਗਏ ਸਨ ।

ਨਿਮਰਤਾ ਵਿਚ ਰਹਿ ਕੇ ਆਪਣਾ ਜੀਵਨ ਬਤੀਤ ਕਰਨ ਵਾਲੇ, ਭਾਈ ਸਾਹਿਬ ਸਦਾ ਹੀ ਗੁਰਮਤ ਸੰਗੀਤ ਦੇ ਸ਼ੈਦਾਈ ਰਹੇ । ਜਿਸਦੀ ਸੱਚੀ ਸੁੱਚੀ ਉਦਾਹਰਣ 'ਅੰਮ੍ਰਿਤ-ਕੀਰਤਨ' ਨਿਰੋਲ ਗੁਰਮਤ ਸੰਗੀਤ ਦੇ ਅਦਾਰੇ ਵਜੋਂ, ਆਪਦੇ ਤਿੰਨੇ ਡਾਕਟਰ ਬੇਟਿਆਂ ਦਾ ਸਾਕਾਰ ਸੁਪਨਾ ਹੈ, ਜਿਸਦੀ ਅਗਵਾਈ ਖੁਦ ਡਾ. ਜਗੀਰ ਸਿੰਘ ਜੀ ਕਰ ਰਹੇ ਹਨ ।

ਆਪ ਦੇ ਅਨੇਕਾਂ ਸ਼ਾਗਿਰਦ ਹਨ, ਜੋ ਆਪਦੇ ਪਾਏ ਪੂਰਨਿਆਂ ਤੇ ਚਲਦਿਆਂ, ਗੁਰਮਤ ਸੰਗੀਤ ਦੀ ਚੜ੍ਹਦੀ ਕਲਾ ਲਈ, ਅੱਜ ਵੀ ਪੇਸ਼ ਪੇਸ਼ ਹਨ ।

ਅਸਲ ਵਿਚ, ਆਪਦੀ ਮਹਾਨ ਸ਼ਖਸ਼ੀਅਤ ਦੇ ਅਨੇਕਾਂ ਗੁਣ ਸਨ ਜੋ ਸਤਰੰਗੀ ਪੀਂਗ ਵਾਂਗ, ਮਨ ਨੂੰ ਸਕੂਨ ਵੀ ਦਿੰਦੇ ਸਨ ਤੇ ਆਪਣੇ ਰੰਗ ਵੀ ਬਖੇਰੀ ਰੱਖਦੇ ਸਨ ।

# ਉਦੱਮੀ ਸੰਗੀਤਕਾਰ
# ਡਾ. ਜਸਵੰਤ ਸਿੰਘ

ਪ੍ਰੋ. ਸਤਵਿੰਦਰ ਸਿੰਘ



ਡਾ. ਜਸਵੰਤ ਸਿੰਘ ਕੁਰਕੁਸ਼ੇਤਰ ਯੂਨੀਵਰਸਿਟੀ ਵਿਚ ਤਬਲਾ ਵਾਦਕ-ਲੈਕਚਰਾਰ ਹਨ । ਉਨ੍ਹਾਂ ਦਾ ਇਸ ਗੁਰਵਾਕ 'ਨੀਚਹੁ ਊਚ ਕਰੇ ਮੇਰਾ ਸਤਿਗੁਰੁ' ਵਿਚ ਅਟੱਲ ਵਿਸਵਾਸ਼ ਤੇ ਨਿਸਚਾ ਹੈ । ਉਹ ਕਹਿੰਦੇ ਹਨ 'ਸਤਿਗੁਰੂ ਸਚੇ ਪਾਤਸ਼ਾਹ ਨੇ ਮਿਹਰਮਤ ਕਰਕੇ ਦਾਸ ਨੂੰ ਉਹ ਸਭ ਕੁਝ ਦਿੱਤਾ ਹੈ ਜਿਸ ਦੀ ਆਸ ਮੇਰੇ ਜਿਹੇ ਨਿਮਾਣੇ ਨਿਤਾਣੇ ਨੂੰ ਨਹੀਂ ਸੀ । ਸਤਿਗੁਰੂ ਦੀ ਅਪਾਰ ਕਿਰਪਾ ਸਦਕਾ ਬਹੁਤ ਹੇਠੋਂ ਉਠ ਕੇ ਇਸ ਪਦ ਨੂੰ ਹਾਸਲ ਹੋਇਆ ਹਾਂ ।

ਡਾ. ਜਸਵੰਤ ਸਿੰਘ ਇਕ ਨਿਹਾਇਤ ਉਦਮੀਂ ਤੇ ਸਿਰੜੀ ਵਿਅਕਤਿਤਵ ਹਨ । ਉਨ੍ਹਾਂ ਨੇ 'ਇਕੋ ਲਗਨ ਲਗੀ ਲਈ ਜਾਂਦੀਂ' ਦੀ ਧੁਨ ਵਿਚ ਇਕ ਸੁਰ ਹੋ ਕੇ ਉਚੀ ਸੰਗੀਤ ਸਿਖਿਆ ਹਾਸਲ ਕੀਤੀ ਹੈ । ਆਪ ਡਬਲ ਐਮ.ਏ.,ਐਮ. ਫਿਲ., ਪੀ.ਐਚ.ਡੀ ਅਤੇ ਵੀ.ਐਮ.ਡੀ. ਹਨ । ਅਰਥਾਤ ਗਾਇਨ ਵਿਚ ਐਮ.ਏ, ਵਾਦਨ ਵਿਚ ਐਮ.ਏ. ਐਮ.ਫਿਲ., ਪੀ.ਐਡੀ. ਅਤੇ ਤਬਲਾ-ਵਿਸ਼ਾਰਦ । ਆਪ ਦੀ ਕੀਰਤਨ ਸ਼ੈਲੀ ਵੀ ਨਿਵਕੇਲੀ ਹੈ ਅਤੇ ਕੀਰਤਨ ਢੰਗ ਵੀ ਵਿਲੱਖਣ ।

ਆਪ ਨੇ 1963 ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚੋਂ ਕੀਰਤਨ ਦੀ ਸਿਖਿਆ ਲਈ । ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ਼ਰੋਮਣੀ ਗੁਰੁਦਆਰਾ ਪ੍ਰਬੰਧਕ ਕਮੇਟੀ ਦੀ ਉਹ ਸੰਸਥਾ ਹੈ ਜੋ ਚਾਹਵਾਨ ਵਿਅਕਤੀਆਂ-ਵਿਦਿਆਰਥੀਆਂ ਨੂੰ ਗੁਰਮਤ ਸੰਗੀਤ, ਕੀਰਤਨ, ਕਥਾ, ਪਾਠ ਤੇ ਵਿਆਖਿਆ ਆਦਿ ਦਾ ਬਕਾਇਦਾ ਅਧਿਐਨ ਕਰਵਾਉਂਦੀ ਹੈ । ਆਪ ਨੇ ਇਹ ਸਿਖਿਆ ਅਵਲ ਦਰਜੇ ਵਿਚ ਪਾਸ ਕੀਤੀ ।

ਆਪ ਨੇ 1974 ਵਿਚ ਪ੍ਰਵੀਨ ਕੀਤੀ ਅਤੇ ਨਾਲ ਹੀ ਯੂਨੀਵਰਸਿਟੀ ਕਾਲਜ ਵਿਚ ਤਬਲਾ ਵਾਦਕ ਦੀ ਨੌਕਰੀ ਕਰ ਲਈ । ਫਿਰ 1982 ਵਿਚ ਬੀ.ਏ., 1986 ਵਿਚ ਐਮ.ਏ., ਅਤੇ 1988 ਵਿਚ ਐਮ.ਫਿਲ. ਅਵਲ ਦਰਜੇ-ਗੋਲਡ ਮੈਡਲ ਨਾਲ ਪਾਸ ਕੀਤੀ, 1989 ਵਿਚ ਗੁਰਮਤਿ ਸੰਗੀਤ ਤੇ ਖੋਜ ਕਾਰਜ ਹਿਤ ਪੀ.ਐਚ.ਡੀ. ਆਰੰਭ ਕੀਤੀ ਜਿਸ ਦੇ ਫਲਸਰੂਪ 1995 ਵਿਚ ਇਹ ਡਿਗਰੀ ਵੀ ਹਾਸਲ ਕੀਤੀ ਤੇ ਆਪ ਡਾਕਟਰ ਦੀ ਉਪਾਧੀ ਨਾਲ ਵਿਭੂਸ਼ਿਤ ਹੋਏ ।

ਉਨ੍ਹਾਂ ਨੇ 'ਸਿੱਖ ਧਰਮ ਵਿਚ ਪ੍ਰਚਲਿਤ ਕੀਰਤਨ ਵਿਧਾ ਦੇ ਵਿਕਾਸ ਵਿਚ ਰਬਾਬੀਆਂ ਤੇ ਰਾਗੀਆਂ ਦੇ ਯੋਗਦਾਨ ਦਾ ਤੁਲਨਾਤਮਕ ਅਧਿਐਨ' ਵਿਸ਼ੇ ਤੇ ਪੀ.ਐਚ.ਡੀ. ਕੀਤੀ । ਇਸ ਖੋਜ-ਪ੍ਰਬੰਧ ਵਿਚ ਉਨ੍ਹਾਂ ਨੇ ਪੁਰਾਤਨ ਅਤੇ ਨਵੀਨ ਰਬਾਬੀਆਂ-ਰਾਗੀਆਂ ਦੀਆਂ ਜੀਵਨੀਆਂ (ਜੋ ਵੀ ਮਿਲ ਸਕੀਆਂ), ਕੀਰਤਨ ਵਿਚ ਸਮੇਂ ਸਮੇਂ ਆਏ ਪਰਿਵਰਤਨ, ਰਾਗੀਆਂ-ਰਬਾਬੀਆਂ ਨੂੰ ਦਰ ਪੇਸ਼ ਕਠਨਾਈਆਂ ਤੇ ਕੀਰਤਨ ਸੁਣਾਉਣ ਦੇ ਨਾਲ ਨਾਲ ਕੀਰਤਨ ਉਤੇ ਫਿਲਮੀ ਧੁਨਾਂ ਦੇ ਗਾਲਬੇ ਆਦਿ ਤੇ ਧਿਆਨ ਕੇਂਦਰਿਤ ਕੀਤਾ ਹੈ । ਬਹੁਤਾ ਜ਼ੋਰ ਇਸ ਗੱਲ ਤੇ ਦਿੱਤਾ ਹੈ ਕਿ 'ਜਿਸ ਪਰੰਪਰਾ ਨਾਲ ਸਿੱਖ ਧਰਮ ਦਾ ਸੂਰਜ ਉਦੈ ਤੇ ਅਸਤ ਹੁੰਦਾ ਹੈ ਉਸ ਮਹਾਨ ਪਰੰਪਰਾ ਵਲ ਸਾਡੇ ਵਿਦਵਾਨਾਂ ਤੇ ਸਿੱਖ ਆਗੂਆਂ ਦਾ ਧਿਆਨ ਕਿਉਂ ਨਹੀਂ ਗਿਆ । ਵੱਡੇ ਵੱਡੇ ਇਤਿਹਾਸ ਰਚੇ ਗਏ ਕੀ ਕਾਰਨ ਰਿਹਾ ਕਿ ਭਾਈ ਮਰਦਾਨਾ ਜੀ ਦੀ ਵੰਸ਼ ਪਰੰਪਰਾ ਨੂੰ ਅਖੋਂ ਓਝਲ ਕਰ ਦਿੱਤਾ ਗਿਆ ਅਤੇ ਇਸ ਦੀ ਪਿਠਭੂਮੀ ਵਿਚ ਕੀ ਕਾਰਨ ਰਹੇ ਹਨ ? ਇਸ ਖੋਜ-ਪਤਰ ਵਿਚ ਉਨ੍ਹਾਂ ਨੂੰ ਕੁਝ ਪੁਰਾਤਨ ਬੰਦਸ਼ਾਂ ਵੀ ਦਿੱਤੀਆਂ ਹਨ ।

ਡਾ. ਜਸਵੰਤ ਸਿੰਘ ਦਾ ਕਥਨ ਹੈ ਕਿ ਕੀਰਤਨ ਖੇਤਰ ਵਿਚ ਉਨ੍ਹਾਂ ਨੇ ਉਸਤਾਦਾ ਦੀਆਂ ਮਾਰਾਂ ਖਾਧੀਆਂ ਹਨ-ਧਰੁਪਦ ਧਮਾਰ ਅਤੇ ਗਾਇਕੀ ਦੀਆਂ ਵਿਸ਼ੇਸ਼ਤਾਵਾਂ ਦਾ ਗਹਿਨ ਅਧਿਐਨ ਕੀਤਾ ਹੈ, ਇਸ ਨਾਲ ਹੀ ਗੁਰਮਤਿ ਸੰਗੀਤ ਸ਼ਾਸਤਰੀ ਸੰਗੀਤ ਬਣਦਾ ਹੈ । ਇਹਨਾਂ ਦੇ ਪ੍ਰਸਪਰ ਸੰਬੰਧਾਂ ਤੇ ਭੇਦਾਂ ਨਾਲ ਹੀ ਇਕ-ਦੂਜੇ ਦੀ ਪਛਾਣ ਤੇ ਹੋਂਦ ਬਣੀ । ਨਿਰਸੰਦੇਹ ਡਾਕਟਰ ਸਾਹਿਬ ਦੀ ਗੁਰਬਾਣੀ ਸੰਗੀਤ ਪ੍ਰਤਿ ਲਗਨ, ਖੋਜ ਤੇ ਯੋਗਦਾਨ ਪ੍ਰਸੰਸਾ ਜਨਕ ਤੇ ਸਲਾਹਣਯੋਗ ਹੈ ।

# ਬਾਬੀਹਾ ਅੰਮ੍ਰਿਤ ਵੇਲੇ ਬੋਲਿਆ

ਭਾਗਵੰਤ ਕੌਰ



ਸਾਡੇ ਘਰ 'ਅੰਮ੍ਰਿਤ ਕੀਰਤਨ' ਦਾ ਪਰਚਾ ਆਉਂਦਾ ਹੈ, ਸਾਡੇ ਮਾਤਾ ਜੀ ਜਿਨ੍ਹਾਂ ਦੀ ਉਮਰ 80 ਸਾਲ ਹੈ ਕਦੀ ਕਦੀ ਪਰਚਾ ਪੜ੍ਹਦੇ ਹਨ। ਮੈਂ ਉਨ੍ਹਾਂ ਨੂੰ ਪੁਛਿਆ 'ਅੰਮ੍ਰਿਤ ਕੀਰਤਨ' ਤਾਂ ਗੁਰਬਾਣੀ ਸੰਗੀਤ ਅਤੇ ਰਾਗਾਂ ਬਾਰੇ ਜਾਣਕਾਰੀ ਦੇਂਦਾ ਹੈ , ਆਪ ਰਾਗਾਂ ਬਾਰੇ ਕੀ ਸੋਝੀ ਰਖਦੇ ਹੋ ? ਕਹਿਣ ਲਗੇ, "ਬੇਟਾ ਆਵਤ ਸਿੰਘ, ਮੈਨੂੰ ਹੋਰ ਤਾਂ ਕੁਝ ਪਤਾ ਨਹੀਂ, ਜਿਥੇ ਤਕ ਰਾਗ ਦਾ ਸੰਬੰਧ ਹੈ ਰਾਗ ਦੇ ਮਾਇਨੇ ਹਨ ਖਿਚ। ਸੰਗੀਤ ਦੀ ਦਿਲ ਖਿਚਵੀਂ ਧੁਨ ਨੂੰ ਰਾਗ ਕਹਿੰਦੇ ਹਨ। ਫਿਰ ਨਾਲ ਗੁਰਬਾਣੀ ਗਾਇਨ ਹੋਵੇ ਤਾਂ "ਸੁਣੀਐ ਲਾਗੈ ਸਹਜਿ ਧਿਆਨੁ" ਵਾਲੀ ਅਵਸਥਾ ਬਣ ਜਾਂਦੀ ਹੈ। ਫਿਰ ਗਾਇਨ ਦੀ ਧੁਨ, ਸਾਜ਼ਾਂ ਦੀ ਧੁਨ, ਨਾਲ ਹੀ ਅੰਮ੍ਰਿਤ ਵੇਲੇ ਕਈ ਪ੍ਰਕਾਰ ਦੇ ਪੰਖੀ ਜੋ ਚਹਿ ਚਾਂਹਦੇ ਹਨ ਉਨ੍ਹਾਂ ਦੀਆਂ ਧੁਨਾਂ ਵੀ ਤੇ ਸੰਗੀਤ ਧੁਨਾਂ ਹਨ, ਜੋ ਮਨ ਨੂੰ ਖਿਚ ਦੀਆਂ ਹਨ। ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਇਨ੍ਹਾਂ ਪੰਖੀਆਂ ਦੀ ਮਿਸਾਲ ਦੇ ਕੇ ਸਮਝਾਉਣ ਦਾ ਯਤਨ ਕੀਤਾ ਹੈ, ਐ ਜੀਵ ਤੂੰ ਵੀ ਵਾਹਿਗੁਰੂ ਦਾ ਗਾਇਨ ਕਰਕੇ ਉਸ ਦੇ ਨਾਲ ਪ੍ਰੀਤ ਪਾ। ਪੰਖਿਆਂ ਦੇ ਬਾਰੇ ਗੁਰਬਾਣੀ ਦੀਆਂ ਤੁਕਾਂ ਇਸ ਪ੍ਰਕਾਰ ਹਨ :-

ਬਾਬੀਹਾ -

1. ਬਾਬੀਹਾ ਅੰਮ੍ਰਿਤ ਵੇਲੇ ਬੋਲਿਆਂ ਤਾਂ ਦਰਿ ਸੁਣੀ ਪੁਕਾਰ। (ਪੰ. 1285)

ਚਕੋਰ -

2. ਚੰਦ ਚਕੋਰ ਪਰੀਤਿ ਹੈ ਲਾਇ ਤਾਰ ਨਿਹਾਲੇ।
ਭਾ. ਗੁਰਦਾਸ
ਵਾਰ - 27

ਚਕਵੀ -

3. ਚਕਵੀ ਸੂਰਜ ਹੇਤ ਹੈ ਮਿਲ ਹੋਨ ਸੁਖਾਲੇ।"

ਮੋਰ -

4. ਨਾਚਤ ਫਿਰਤ ਮੋਰ ਬਾਦਰ ਕਰਤ ਘੋਰ
ਦਾਮਨੀ ਅਨੇਕ ਭਾਉ ਕਰਿਉ ਈ ਕਰਤ ਹੈ।

ਹੰਸ -

5. ਹੰਸਾ ਹੀਰਾ ਮੋਤੀ ਚੁਗਣਾ। (ਪੰ. 960)

ਕੋਇਲ -

6. ਕਾਲੀ ਕੋਇਲ ਤੂ ਕਿਤ ਗੁਨ ਕਾਲੀ
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ। (ਪੰ. 794)

ਕਾਂ -

7. ਕਾਗਾ ਕਰਗ ਢਢੋਲਿਆ ਸਗਲਾ ਖਾਇਆ ਮਾਸੁ
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ
(ਪੰ. 1382)

ਸੂਆ (ਤੋਤਾ) -

8. ਸੂਆ ਬਿੰਜਰਿ ਨਹੀ ਖਾਇ ਬਿਲਾਸੁ। (ਪੰ. 987)

ਬਗਲਾ -

9. ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ।
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ। (ਪੰ. 1383)

ਕੂੰਜ -

10. ਕੂੰਜ - ਉਡੇ ਉਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ। (ਪੰ. 10)

ਚਿੜੀ -

11. ਚਿੜੀ ਚੁਹਕੀ ਪਹੁ ਫੁਟੀ ਵਗਨਿ
ਬਹੁਤ ਤਰੰਗ। (ਪੰ. 319)

ਗਰੁੜ -

12. ਪਾਖੰਤਣ ਬਾਜ ਬਜਾਇਲਾ
(ਖੰਭਾਂ ਦਾ ਵਾਜਾ ਵਜਾਉਂਦੇ ਹੋਏ)
ਗਰੁੜ ਚੜੇ ਗੋਬਿੰਦ ਆਇਲਾ
(ਗਰੁੜ ਤੇ ਚੜੇ ਗੋਬਿੰਦ ਆ ਗਏ) (ਪੰ. 1166)

ਪਾਖੰਤਣ ਬਾਜ (ਖੰਭਾਂ ਦਾ ਵਾਜਾ) ਅਤੇ ਭਗਤ ਨਾਮ ਦੇਵ ਜੀ ਦੀ ਸਾਖੀ । ਮਹਾਰਾਸ਼ਟਰਾ ਦੇ ਭਗਤ ਨਾਮਦੇਵ ਜੀ ਦੀ ਪ੍ਰਸਿਧੀ ਦੂਰ ਦੂਰ ਤਕ ਫੈਲੀ ਹੋਈ ਸੀ । ਉਸ ਵੇਲੇ ਦਿਲੀ ਦਾ ਰਾਜਾ ਮੁਹਮਦ ਬਿਨ ਤੁਗਲਕ ਸੀ । ਉਸ ਦੀ ਇਕ ਪਿਆਰੀ ਗਾਂ ਮਰ ਗਈ । ਕੁਦਰਤੀ ਭਗਤ ਨਾਮ ਦੇਵ ਜੀ ਭੀ ਦਿਲੀ ਸਨ । ਰਾਜੇ ਨੇ ਆਖਿਆ ਨਾਮੇ ਨੂੰ ਬੁਲਾ ਲਿਆਉ ਗਾਂ ਜਿੰਦੀ ਕਰ ਦੇਵੇ ਜੇ ਨਹੀਂ ਕਰਦਾ ਤਾਂ ਉਸਨੂੰ ਮਾਰ ਦਿਤਾ ਜਾਵੇ । ਭਗਤ ਨਾਮ ਦੇਵ ਨੂੰ ਬੁਲਾ ਲਿਆਂਦਾ ਗਿਆ ਰਾਜੇ ਨੇ ਕਿਹਾ, "ਭਗਤ ਜੀ, ਆਪਣੀ ਕਰਾਮਾਤੀ ਸ਼ਕਤੀ ਨਾਲ ਗਾਂ ਨੂੰ ਜਿੰਦਾ ਕਰ ਦਿਓ ਜਾਂ ਫਿਰ ਮੌਤ ਨੂੰ ਕਬੂਲ ਕਰੋ । 24 ਘੰਟੇ ਦਾ ਸਮਾਂ ਦਿਤਾ ਗਿਆ । ਭਗਤ ਜੀ ਲਗੇ ਅਰਦਾਸਾਂ ਕਰਨ । ਜਦ ਅਧਾ ਘੰਟਾ ਰਹਿ ਗਿਆ, ਕਹਿੰਦੇ ਹਨ ਏਹ ਕੌਤਕ ਵੇਖਣ ਲਈ ਵੱਡੇ ਵੱਡੇ ਸਰਕਾਰੀ ਮੰਤਰੀ ਅਤੇ ਜਨਤਾ ਇਕੱਠੀ ਹੋ ਗਈ । ਵਾਹਿਗੁਰੂ ਆਪਣੇ ਭਗਤ ਦੀ ਪੈਜ ਰਖਦੇ ਹੋਏ ਸੂਖਮ ਰੂਪ ਵਿਚ ਗਰੁੜ ਤੇ ਆ ਗਏ । ਇਕ ਦਿਰਸ਼: ਭਗਤ ਨਾਮ ਦੇਵ ਅਤੇ ਗਾਂ ਵਿਚਕਾਰ ਹੈ ਇਕ ਪਾਸੇ ਸਰਕਾਰੀ ਅਹਿਲਕਾਰ ਦੂਜੇ ਪਾਸੇ ਜਨਤਾ ਦਾ ਇਕੱਠ । "ਯਕਲਕ ਗਰੁੜ ਪੰਖੀ ਅਤੇ ਉਸਦੇ ਪੰਖਾਂ ਤੋਂ ਇਕ ਅਲੌਕਿਕ ਧੁਨ" । ਨਾ ਤਾਂ ਕਿਸੇ ਨੇ ਗਰੁੜ ਵੇਖਿਆ ਸੀ ਅਤੇ ਨਾ ਹੀ ਇਹੋ ਜੀ ਅਲੌਕਿਕ ਆਵਾਜ਼ । ਇਸ ਅਲੌਕਿਕ ਧੁਨ ਨੇ ਸਾਰਿਆਂ ਦਾ ਧਿਆਨ ਆਪਣੇ ਵਲ ਖਿਚ ਲਿਆ (ਜਿਸ ਤਰ੍ਹਾਂ ਫਾਇਰ ਬ੍ਰਿਗੇਟ ਦੇ ਘੰਟੇ ਦੀ ਧੁਨ ਸਾਰਿਆਂ ਦਾ ਧਿਆਨ ਆਪਣੇ ਵਲ ਖਿਚ ਲੈਂਦੀ ਹੈ ਪਤਾ ਲਗਦਾ ਹੈ ਕਿਥੇ ਅਗ ਲਗੀ ਹੈ) ਉਸੇ ਤਰ੍ਹਾਂ ਸਾਰਿਆਂ ਦਾ ਧਿਆਨ ਗਰੁੜ ਵਲ ਚਲਾ ਗਿਆ । ਗਰੁੜ ਨੇ ਤਿੰਨ ਚਕਰ ਕਟੇ ਅਤੇ ਗਾਂ ਜਿੰਦਾ ਹੋ ਗਈ ਏਹ ਕੌਤਕ ਵੇਖ ਕੇ ਸਾਰੇ ਭਗਤ ਜੀ ਦੀ ਵਾਹ ਵਾਹ ਕਰਨ ਲਗੇ । ਐਥੇ ਗਲ ਪਾਖੰਤਣ ਬਾਜ ਦੀ ਹੈ । ਮੈਂ ਡਾ. ਜਗੀਰ ਸਿੰਘ ਜੀ ਨੂੰ ਬੇਨਤੀ ਕਰਾਂਗੀ ਅਗਲੀ ਵਾਰੀ, ਬਾਬੀਹਾ, ਚਕਵੀ, ਚਕੋਰ, ਗਰੁੜ ਆਦਿ ਪੰਖਿਆਂ ਦੀ ਫੋਟੋ ਦੇ ਕੇ ਪਾਠਕਾਂ ਨੂੰ ਇਨ੍ਹਾਂ ਦੇ ਬਾਰੇ ਵਧ ਜਾਣਕਾਰੀ ਦੇਣ ਦੀ ਖੇਚਲ ਕਰਨਗੇ ।

# "ਗੁਰਬਾਣੀ ਸੰਗੀਤ ਦਰਪਣ"
# ਪੁਸਤਕ ਰਿਲੀਜ਼ ਸਮਾਰੋਹ



ਗੁਰਮਤਿ ਸੰਗੀਤ ਨੂੰ ਪਿਛਲੇ ਪੰਜ ਦਹਾਕਿਆਂ ਤੋਂ ਸਮਰਪਿਤ ਪ੍ਰੋ: ਕਰਤਾਰ ਸਿੰਘ ਜੀ ਲੁਧਿਆਣਾ ਵਾਲਿਆਂ ਦੀ ਕਿਤਾਬ "ਗੁਰਬਾਣੀ ਸੰਗੀਤ ਦਰਪਣ" ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਛਾਪਿਆ ਹੈ, ਦਾ ਰਿਲੀਜ਼ ਸਮਾਰੋਹ ਮਿਤੀ 3 ਸਤੰਬਰ, 1996 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਇਆ ।

ਸਮਾਗਮ ਦੀ ਅਰੰਭਤਾ ਵੇਲੇ ਨਿਰਧਾਰਤ ਰਾਗਾਂ ਵਿਚ ਕੀਰਤਨ ਹੋਇਆ, ਜਿਸ ਵਿਚ ਸਭ ਤੋਂ ਪਹਿਲਾਂ ਰਾਗੀ ਭਾਈ ਇਕਬਾਲ ਸਿੰਘ, ਅਵਤਾਰ ਸਿੰਘ ਜੀ ਨੇ ਧਨਾਸਰੀ ਰਾਗ ਵਿਚ ਸ਼ਬਦ ਗਾਇਨ ਕੀਤਾ, ਫਿਰ ਭਾਈ ਨਿਰੰਜਨ ਸਿੰਘ ਜੀ ਜਵੱਦੀ ਕਲਾਂ ਨੇ ਵੀ ਧਨਾਸਰੀ ਰਾਗ ਵਿਚ ਹੀ ਸ਼ਬਦ ਗਾਇਆ । ਇਸ ਤੋਂ ਬਾਅਦ ਬੀਬੀ ਜੋਤੀ ਕੌਰ ਅਤੇ ਹੋਰਨਾਂ ਵਿਦਿਆਰਥਣਾ ਨੇ ਸ਼ਬਦ ਗਾਇਣ ਕੀਤਾ । ਉਪਰੰਤ ਪ੍ਰੋ: ਕਰਤਾਰ ਸਿੰਘ ਜੀ ਨੇ ਪ੍ਰਭੂ ਚਰਣਾਂ ਵਿਚ ਸ਼ੁਕਰਾਨਾ ਅਦਾ ਕਰਦੇ ਹੋਏ ਅਤੇ ਬਹੁਤ ਹੀ ਲੀਨ ਹੋ ਕੇ ਤੁਖਾਰੀ ਰਾਗ ਵਿਚ ਸ਼ਬਦ "ਨਿਰਗੁਣ ਰਾਖਿ ਲੀਆ ਸੰਤਨ ਕਾ ਸਦਕਾ" ਗਾਇਣ ਕੀਤਾ । ਜਦੋਂ ਪ੍ਰੋਫੈਸਰ ਸਾਹਿਬ ਸਬਦ ਗਾਂਇਣ ਕਰ ਰਹੇ ਸਨ ਤਾਂ ਸਾਰੀ ਸੰਗਤ ਮੰਤਰ ਮੁਗਧ ਹੋ ਗਈ, ਇਥੋਂ ਤੱਕ ਕਿ ਕੁਝ ਸੰਗਤੀ ਪਿਆਰਿਆਂ ਵਿਦਿਆਰਥੀਆਂ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਅਥਰੂ ਨਿਕਲ ਆਏ । ਉਸ ਸਮੇ ਮਾਹੌਲ ਬਹੁਤ ਹੀ ਸ਼ਾਂਤ ਅਤੇ ਅਨੰਦ ਭਰਪੂਰ ਹੋ ਗਿਆ । ਫਿਰ ਵਾਰੀ ਸੀ ਵਿਦਵਾਨ ਸਜਣਾਂ ਦੀ, ਜਿਨ੍ਹਾ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ । ਵਿਦਵਾਨ ਸੱਜਣਾਂ ਵਿਚੋਂ ਸਭ ਤੋਂ ਪਹਿਲਾਂ ਗਿਆਨੀ ਜਗਜੀਤ ਸਿੰਘ ਸਿਦਕੀ ਚੇਅਰਮੈਨ ਗੁਰਮਤਿ ਗਿਆਨ ਮਿਸ਼ਨਰੀ ਟਰੱਸਟ ਲੁਧਿਆਣਾ ਨੇ ਬੋਲਦਿਆਂ ਕਿਹਾ ਕਿ ਕਰਤਾਰ ਵਾਹਿਗੁਰੂ ਨੇ ਕਿਸੇ ਨੂੰ ਕੋਈ ਗੁਣ ਬਖਸ਼ਿਆ ਹੈ, ਤੇ ਕਿਸੇ ਨੂੰ ਕੋਈ ਗੁਣ ਦੇ ਕੇ ਨਿਵਾਜਿਆ ਹੈ ਪਰ ਜਿਥੇ ਸਾਰੇ ਗੁਣਾ ਦਾ ਸੰਗਮ ਹੋਵੇ, ਕਰਤਾਰ ਦੀ ਉਹ ਰਚਨਾ ਹੈ, ਪ੍ਰੋ. ਕਰਤਾਰ ਸਿੰਘ । ਸਿਦਕੀ ਜੀ ਨੇ ਕਿਹਾ ਕਿ ਪ੍ਰੋ: ਸਾਹਿਬ ਦੀ ਸਾਰੀ ਜ਼ਿੰਦਗੀ ਗੁਰਮਤਿ ਸੰਗੀਤ ਦੀ ਅਣਥੱਕ ਘਾਲਣਾ ਘਾਲਣ ਵਿਚ ਬੀਤੀ ਹੈ ਤੇ ਇਹ ਦ੍ਰਿੜਤਾ, ਨਿਮਰਤਾ, ਸਾਦਗੀ, ਮਿਹਨਤ ਤੇ ਉਚੇ ਆਦਰਸ਼ਾਂ ਦਾ ਉਤਮ ਮਿਸ਼ਰਣ ਹੈ ।

ਸਤਿਕਾਰਯੋਗ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਜਿਹਨਾਂ ਦੀ ਗੁਰਮਤਿ ਅਦੁੱਤੀ ਸੰਗੀਤ ਸੰਮੇਲਨ ਦੇ ਰੂਪ ਵਿਚ ਸਿੱਖ ਪੰਥ ਨੂੰ ਮਹਾਨ ਦੇਣ ਹੈ' ਹੋਰਾਂ ਨੇ ਕਿਹਾ ਕਿ ਰਾਗਾਂ ਉਤੇ ਅਧਾਰਿਤ ਕੀਰਤਨ ਜੋ ਕਿ ਅਲੋਪ ਹੁੰਦਾ ਜਾ ਰਿਹਾ ਸੀ ਨੂੰ ਮੁੜ ਸਜੀਵ ਕਰਨ ਵਿਚ ਕੀਰਤਨ ਕਰਨ ਦੀ ਰੁਚੀ ਪੈਦਾ ਕਰਨ ਤੇ ਪ੍ਰਚਾਰਨ ਵਿਚ ਪ੍ਰੋ: ਸਾਹਿਬ ਦਾ ਵਡਮੁਲਾ ਯੋਗਦਾਨ ਹੈ । ਉਹਨਾਂ ਅਰਦਾਸ ਕੀਤੀ ਕਿ ਪ੍ਰੋ: ਸਾਹਿਬ ਅੱਗੋਂ ਵੀ ਲੰਮੇ ਸਮੇ ਤੱਕ ਆਪਣੇ ਗਿਆਨ ਦੀ ਰੋਸ਼ਨੀ ਵਿਚ ਵੰਡਦੇ ਰਹਿਣਾ । ਸੰਗਤਾਂ ਨੂੰ ਰਾਗਾਂ ਵਿਚ ਕੀਰਤਨ ਕਰਨ ਲਈ ਉਤਸ਼ਾਹ ਪੈਦਾ ਕਰਨ ਵਾਸਤੇ ਉਹਨਾਂ ਆਖਿਆ ਕਿ ਇੱਕ ਸੱਪ ਵੀ ਬੀਨ ਵਿਚੋਂ ਨਿਕਲਦੀ ਸਾਰੰਗ ਰਾਗ ਦੀ ਧੁਨੀ ਨੂੰ ਸੁਣ ਕੇ ਝੂਮ ਉਠਦਾ ਹੈ ਪਰ ਅਸੀਂ ਕਿਹੋ ਜਿਹੇ ਅਕ੍ਰਿਤਘਣ ਹਾਂ । ਅੰਤ ਵਿਚ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਗੁਰਮਤਿ ਕੀਰਤਨ ਦੇ ਵਿਰਸੇ ਦੀ ਸੰਭਾਲ ਵਾਸਤੇ ਉਚੇਚੇ ਜਤਨ ਕਰਨ ਦੀ ਲੋੜ ਤੇ ਜੋਰ ਦਿੱਤਾ । ਫਿਲਮੀ ਗੀਤਾਂ ਤੇ ਅਧਾਰਿਤ ਫਿਲਮੀ ਸੰਗੀਤ ਨੂੰ ਅਪਨਾਉਣ ਦੀ ਬਜਾਇ ਸ਼ਾਸਤਰੀ ਸੰਗੀਤ ਅਧਾਰਿਤ ਕੀਰਤਨ ਨੂੰ ਪ੍ਰਚਾਰਨ ਲਈ

ਪ੍ਰੇਰਨਾ ਦਿੱਤੀ । ਉਹਨਾਂ ਕਿਹਾ ਕਿ ਪ੍ਰੋ: ਕਰਤਾਰ ਸਿੰਘ ਨੇ ਗੁਰਬਾਣੀ ਕੀਰਤਨ ਨੂੰ ਪ੍ਰਚਾਰਨ ਹਿੱਤ 24 ਰਾਗਾਂ ਦਾ ਵਿਸਥਾਰ ਅਤੇ 162 ਬੰਦਸ਼ਾਂ ਦਾ ਸੰਗ੍ਰਹਿ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੋਗ ਹੋਏ ਸ਼ਬਦਾਂ ਦਾ ਗਿਆਨ "ਗੁਰਬਾਣੀ ਸੰਗੀਤ ਦਰਪਣ" ਪੁਸਤਕ ਦੇ ਰੂਪ ਵਿਚ ਇਕ ਥਾਂ ਤੇ ਇਕੱਠਾ ਕਰਨ ਦਾ ਜੋ ਯਤਨ ਕੀਤਾ ਹੈ ਉਹ ਸ਼ਲਾਘਾਯੋਗ ਹੈ । ਇਸ ਕਾਰਜ ਲਈ ਪ੍ਰੋ: ਸਾਹਿਬ ਵਧਾਈ ਦੇ ਪਾਤਰ ਹਨ ।

ਇਸ ਤੋਂ ਇਲਾਵਾ ਗਿ: ਗੁਰਚਰਨ ਸਿੰਘ ਮੋਹਾਲੀ, ਪ੍ਰੋ: ਕਸ਼ਮੀਰ ਸਿੰਘ, ਗਿ: ਰਜਿੰਦਰ ਸਿੰਘ ਜੀ ਸਕੱਤਰ ਗੁਰਦੁਆਰਾ ਕਲਗੀਧਰ ਸਿੰਘ ਸਭਾ ਨੇ ਪ੍ਰੋ: ਕਰਤਾਰ ਸਿੰਘ ਜੀ ਦੇ ਇਸ ਗੁਰਬਾਣੀ ਸੰਗੀਤ ਦਰਪਣ ਪੁਸਤਕ ਗੁਰਮਤਿ ਸੰਗੀਤ ਨੂੰ ਇਕ ਬਹੁਤ ਵੱਡੀ ਦੇਣ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ ।

ਇਸ ਤੋਂ ਬਾਅਦ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਜਥੇਦਾਰ ਸਾਹਿਬ, ਸੰਤ ਬਾਬਾ ਸੁੱਚਾ ਸਿੰਘ ਜੀ ਨੂੰ, ਪ੍ਰੋ: ਕਰਤਾਰ ਸਿੰਘ ਜੀ ਅਤੇ ਸਮੂਹ ਕੀਰਤਨ ਅਤੇ ਵਿਦਿਆਰਥੀਆਂ ਵਲੋਂ ਮੋਮੈਂਟੋ ਅਤੇ ਸ਼ਾਲ ਭੇਟ ਕੀਤੇ ਗਏ ।

ਸ੍ਰੀ ਮਤੀ ਊਸ਼ਾ ਜਸਵਾਲ ਜੀ ਨੂੰ ਪ੍ਰੋ: ਕਰਤਾਰ ਸਿੰਘ ਜੀ ਨੇ ਮੋਮੈਂਟੋ ਅਤੇ ਸ਼ਾਲ ਭੇਂਟ ਕੀਤਾ ਗਿਆ । ਵਿਦਿਆਰਥੀਆਂ ਨੇ ਪ੍ਰੋਫੈਸਰ ਕਰਤਾਰ ਸਿੰਘ ਜੀ ਨੂੰ ਮੋਮੈਂਟੋ ਤੇ ਸ਼ਾਲ ਭੇਟ ਕੀਤੇ ।

ਇਸ ਸਨਮਾਨ ਸਮਾਰੋਹ ਸਮੇ ਸਰਦਾਰਨੀ ਗੁਰਚਰਨ ਕੌਰ ਮੈਮੋਰੀਅਲ ਟਰੱਸਟ ਮੁਹਾਲੀ, ਪ੍ਰਬੰਧਕ ਕਮੇਟੀ ਗੁਰਦੁਆਰਾ ਹਰਨਾਮ ਨਗਰ, ਗੁਰਮਤਿ ਰਾਗੀ ਸਭਾ ਲੁਧਿਆਣਾ, ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਅਤੇ ਗੁਰਮਤਿ ਕੀਰਤਨ ਸਿਖਲਾਈ ਕੇਂਦਰ ਭਾਈ ਰਣਧੀਰ ਸਿੰਘ ਨਗਰ ਵਲੋਂ ਪ੍ਰੋ: ਕਰਤਾਰ ਸਿੰਘ ਜੀ ਨੂੰ ਮੋਮੈਂਟੋ ਅਤੇ ਸਿਰਪਾਓ ਭੇਂਟ ਕੀਤੇ ਗਏ ।

ਸਟੇਜ ਸਕੱਤਰ ਦੀ ਸੇਵਾ ਗਿਆਨੀ ਸਾਹਿਬ ਸਿੰਘ ਜੀ 'ਹੈਡ ਗ੍ਰੰਥੀ ਗੁ: ਕਲਗੀਧਰ ਸਿੰਘ ਸਭਾ ਨੇ ਨਿਭਾਈ । ਇਸ ਸਮਾਗਮ ਦਾ ਆਯੋਜਨ ਪ੍ਰੋ: ਕਰਤਾਰ ਸਿੰਘ ਜੀ ਦੇ ਸਮੂਹ ਸੰਗੀਤ ਅਤੇ ਕੀਰਤਨ ਵਿਦਿਆਰਥੀਆਂ ਵਲੋਂ ਕੀਤਾ ਗਿਆ ਅਤੇ ਵਿਚ ਪ੍ਰੋ: ਕਰਤਾਰ ਸਿੰਘ ਜੀ ਵਲੋਂ ਸ੍ਰ. ਮਹੇਸ਼ ਇੰਦਰ ਸਿੰਘ ਗਰੇਵਾਲ ਪ੍ਰਧਾਨ ਗੁ: ਸਿੰਘ ਸਭਾ ਨੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਇਹ ਸਾਰਾ ਪ੍ਰੋਗਰਾਮ ਲਗਭਗ 3 ਘੰਟੇ ਚਲਿਆ, ਉਪਰੰਤ ਸਮਾਪਤੀ ਤੇ ਚਾਹ ਪਾਣੀ ਦੁਆਰਾ ਆਈਆਂ ਸੰਗਤਾਂ ਦੀ ਸੇਵਾ ਕੀਤੀ ਗਈ ।

# ਗੁਰਮਤ ਸੰਗੀਤ ਬਾਰੇ ਪੁਸਤਕਾਂ



1. **ਗੁਰਬਾਣੀ ਸੰਗੀਤ ਦਰਪਣ**

ਲੇਖਕ - ਪ੍ਰੋ. ਕਰਤਾਰ ਸਿੰਘ ਲੁਧਿਆਣਾ

ਪ੍ਰਕਾਸ਼ਕ - ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਸਮੱਗਰੀ :- ਇਸ ਪੁਸਤਕ ਵਿਚ ਗੁਰਮਤ ਸੰਗੀਤ ਦੇ ਸੰਕਲਪਾਂ ਦੀਆਂ ਪਰਿਭਾਸਾਵਾਂ ਦੇਣ ਦੇ ਨਾਲ ਨਾਲ 24 ਰਾਗਾਂ ਦੀਆਂ 162 ਸ਼ਬਦ-ਬੰਦਸ਼ਾਂ ਦੀਆਂ ਸੰਗੀਤ ਲਿਪੀਆਂ ਦਿੱਤੀਆਂ ਹੋਈਆਂ ਹਨ ।

2. **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**

ਲੇਖਕ - ਪ੍ਰੋ. ਤਾਰਾ ਸਿੰਘ

ਪ੍ਰਕਾਸ਼ਕ - ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਮੱਗਰੀ :- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਮੁਖ ਅਤੇ ਮਿਸ਼ਰਤ ਰਾਗਾਂ ਵਿਚ 65 ਸ਼ਬਦਾਂ ਦੀਆਂ ਬੰਦਸ਼ਾਂ ਦੀਆਂ ਸੰਗੀਤ ਲਿਪੀਆਂ ਦਿਤੀਆਂ ਹਨ ।

3. **ਤਾਲ ਰਤਨ**

ਲੇਖਕ -ਉਸਤਾਦ ਸੁਰਜੀਤ ਸਿੰਘ,
ਅਕਾਲ ਗੁਰਮਤ ਸੰਗੀਤ ਵਿਦਿਆਲਾ
ਗੁਰਦੁਆਰਾ ਜਨਮ ਅਸਥਾਨ
ਚੀਮਾਂ ਸਾਹਿਬ, ਜ਼ਿਲਾ ਸੰਗਰੂਰ

ਪ੍ਰਕਾਸ਼ਕ - ਕਲਗੀਧਰ ਟ੍ਰਸਟ
ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ
ਗੁਰਦੁਆਰਾ ਬੜੂ ਸਾਹਿਬ, ਜ਼ਿਲਾ ਸਿਰਮੌਰ

ਸਮੱਗਰੀ :- ਇਸ ਪੁਸਤਕ ਵਿਚ ਤਿੰਨ ਤਾਲ, ਦਾਦਰਾ, ਕਹਿਰਵਾ, ਰੂਪਕ, ਮੱਤ ਤਾਲ, ਝੱਪਤਾਲ, ਮਨੀਤਾਲ, ਇੱਕ ਤਾਲ, ਚਾਰ ਤਾਲ, ਜੈ ਮੰਗਲ, ਧਮਾਰ, ਪੰਚਮ, ਅਸਵਾਰੀ, ਹਰੀ ਤਾਲ, ਸ਼ਿਖਰ ਤਾਲ, ਫਰਦੋਸਤ ਆਦਿ ਤਾਲਾਂ ਦੇ ਠੇਕੇ, ਉਠਾਨ, ਪੇਸ਼ਕਾਰ, ਕਾਇਦੇ, ਰੇਲੇ, ਪਰਨਾਂ, ਟੁਕੜੇ, ਲੱਗੀਆਂ ਆਦਿ ਵਿਸਥਾਰ ਸਹਿਤ ਦਿੱਤੇ ਗਏ ਹਨ ।

4. **ਭਗਤ ਰਾਗ ਰਤਨਾਵਲੀ**

ਲੇਖਕ - ਪ੍ਰੋ. ਤਾਰਾ ਸਿੰਘ

ਪ੍ਰਕਾਸ਼ਕ - ਗੁਰਮਤ ਸੰਗੀਤ ਪ੍ਰਕਾਸ਼ਨ
34-ਏ, ਖਾਲਸਾ ਕਾਲਜ ਕਾਲੋਨੀ
ਪਟਿਆਲਾ

ਸਮੱਗਰੀ :- ਇਸ ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਦੇ ਵਖ ਵਖ ਰਾਗਾਂ ਦੀਆਂ 90 ਬੰਦਸ਼ਾਂ ਸੰਗੀਤ ਲਿਪੀ ਸਹਿਤ ਦਿੱਤੀਆਂ ਗਈਆਂ ਹਨ ।

5. **ਪੰਜਾਬ ਦਾ ਸੰਗੀਤ : ਵਿਰਸਾ ਤੇ ਵਿਕਾਸ**

ਲੇਖਕ - ਡਾ. ਦਰਸ਼ਨ ਸਿੰਘ ਨਰੂਲਾ, ਮਲੋਟ

ਪ੍ਰਕਾਸ਼ਕ - ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ
H -108 ਸ਼ਿਵਾਜੀ ਪਾਰਕ, ਨਵੀਂ ਦਿਲੀ

ਵਿਕਰੇਤਾ - ਨੈਸ਼ਨਲ ਬੁੱਕ ਸ਼ਾਪ
ਪਲੱਈਅਰ ਗਾਰਡਨ ਮਾਰਕੀਟ
ਚਾਂਦਨੀ ਚੌਂਕ, ਦਿਲੀ

ਸਮੱਗਰੀ :- ਪੰਜਾਬ ਲੋਕ ਸੰਗੀਤ : ਸੰਕਲਪ ਤੇ ਪਰਿਭਾਸ਼ਾ, ਪੰਜਾਬੀ ਲੋਕ ਗਾਇਕੀ ਦੀ ਪਰੰਪਰਾ, ਪੰਜਾਬ ਦੇ ਲੋਕ-ਗਾਇਕ, ਪੰਜਾਬ ਦੇ ਲੋਕ ਸਾਜ਼, ਪੰਜਾਬ ਦੇ ਸੰਗੀਤ ਘਰਾਣੇ,

# ਸੰਗੀਤ ਲਿਪੀ ਵਾਲੇ ਸ਼ਬਦਾਂ ਦੇ ਅਰਥ

ਪ੍ਰਿੰ: ਸਾਹਿਬ ਸਿੰਘ



ਰਾਗੁ ਬਿਹਾਗੜਾ ਮਹਲਾ ੫ ॥ ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥ ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ ॥ ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ ॥ ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ ॥ ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥ ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥ [ਪੰਨਾ ੫੪੨]

ਅਰਥ :(ਹੇ ਭਾਈ !) ਪਰਮਾਤਮਾ ਬਹੁਤ ਹੀ ਪਿਆਰਾ ਲੱਗਣ ਵਾਲਾ ਹੈ, ਸਭ ਦੇ ਮਨ ਨੂੰ ਮੋਹ ਲੈਣ ਵਾਲਾ ਹੈ, ਸਭ ਸਰੀਰਾਂ ਵਿਚ ਸੋਭ ਰਿਹਾ ਹੈ, ਸਭ ਦੇ ਜੀਵਨ ਦਾ ਸਹਾਰਾ ਹੈ । ਉਸ ਦਇਆ ਦੇ ਘਰ ਗੋਪਾਲ ਪਿਆਰੇ ਦੀ ਸੋਹਣੀ ਸੋਭਾ (ਪਸਰ ਰਹੀ) ਹੈ, ਬੜੀ ਬੇਅੰਤ ਸੋਭਾ ਹੈ ।

ਹੇ ਦਿਆਲ ਗੋਬਿੰਦ ! ਹੇ ਗੋਪਾਲ ਹੇ ਪਿਆਰੇ ਕੰਤ ! ਮੈਨੂੰ ਨਿਮਾਣੀ ਨੂੰ ਮਿਲ । ਮੇਰੀਆਂ ਅੱਖਾਂ ਤੇਰੇ ਦਰਸਨ ਦੀ ਛੂਹ ਹਾਸਲ ਕਰਨ ਲਈ ਤਰਸਦੀਆਂ ਰਹਿੰਦੀਆਂ ਹਨ । ਮੇਰੀ ਜ਼ਿੰਦਗੀ ਦੀ ਰਾਤ ਲੰਘਦੀ ਜਾ ਰਹੀ ਹੈ, (ਪਰ ਮੈਨੂੰ ਤੇਰੇ ਮਿਲਾਪ ਤੋਂ ਪੈਦਾ ਹੋਣ ਵਾਲੀ) ਸ਼ਾਤੀ ਨਹੀਂ ਮਿਲ ਰਹੀ ।

ਜਿਸ ਨੂੰ ਗੁਰੂ ਦੇ ਬਖਸ਼ੇ ਗਿਆਨ ਦਾ ਸੁਰਮਾ ਮਿਲ ਗਿਆ, ਜਿਸ ਨੂੰ (ਆਤਮਕ ਜੀਵਾ ਦਾ) ਭੋਜਨ ਹਰਿ-ਨਾਮ ਮਿਲ ਗਿਆ, ਉਸ ਦੇ ਸਾਰੇ (ਆਤਮਕ) ਸ਼ਿੰਗਾਰ ਸਫਲ ਹੋ ਗਏ । ਨਾਨਕ ਸੰਤ ਜਨਾਂ ਦੀ ਚਰਨੀਂ ਪੈਂਦਾ ਹੈ, ਸੰਤ ਜਨਾਂ ਅੱਗੇ ਅਰਜ਼ੋਈ ਕਰਦਾ ਹੈ, ਕਿ ਮੈਨੂੰ ਮੇਰਾ ਪ੍ਰਭੂ-ਪਤੀ ਮਿਲਾਵੋ ।੧।

ਤਿਲੰਗ ਮਹਲਾ ੪ ॥ ਹਰਿ ਕੀਆ ਕਥਾ ਕਹਾਣੀਆ ਗੁਰ ਮੀਤਿ ਸੁਣਾਈਆ ॥ ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥ ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਪਿਆਰੇ ॥ ਰਹਾਉ॥ ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥ ਜਿਨ ਸਤਿਗੁਰੁ ਪਿਆਰਾ ਦੇਖਿਆ ਤਿੰਨ ਕਉ ਹਉ ਵਾਰੀ ॥ ਜਿਨ ਗੁਰ ਕੀ ਕੀਤੀ ਚਾਕਰੀ ਤਿੰਨ ਸਦ ਬਲਿਹਾਰੀ ॥ ੩॥ ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥ ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥ ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥੫॥ [ਪੰਨਾ ੭੨੫]

ਅਰਥ : ਹੇ ਮੇਰੇ ਗੁਰੂ ਦੇ ਪਿਆਰੇ ਸਿੱਖ ! ਮੈਨੂੰ ਆ ਕੇ ਮਿਲ, ਮੈਨੂੰ ਆ ਕੇ ਮਿਲ ।ਰਹਾਉ॥

ਹੇ ਗੁਰਸਿੱਖ ! ਮਿੱਤਰ ਗੁਰੂ ਨੇ (ਮੈਨੂੰ ਪਰਮਾਤਮਾ ਦੀ ਸਿਫਤਿ ਸਾਲਾਹ ਦੀਆਂ ਗੱਲਾਂ ਸੁਣਾਈਆਂ ਹਨ । ਮੈਂ ਆਪਣੇ ਗੁਰੂ ਤੋਂ ਮੁੜ ਮੁੜ ਸਦਕੇ ਕੁਰਬਾਨ ਜਾਂਦਾ ਹਾਂ ।੧

ਹੇ ਗੁਰਸਿੱਖ ! ਪਰਮਾਤਮਾ ਦੇ ਗੁਣ (ਗਾਉਣੇ) ਪਰਮਾਤਮਾ ਨੂੰ ਪਸੰਦ ਆਉਂਦੇ ਹਨ । ਮੈਂ ਉਹ ਗੁਣ (ਗਾਉਣੇ) ਗੁਰੂ ਪਾਸੋਂ ਸਿੱਖੇ ਹਨ । ਮੈਂ ਉਹਨਾਂ (ਵਡਭਾਗੀਆਂ ਤੋਂ) ਮੁੜ ਮੁੜ ਕੁਰਬਾਨ ਜਾਂਦਾ ਹਾਂ , ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਮਿੱਠਾ ਕਰ ਕੇ ਮੰਨਿਆ ਹੈ ।੪।

ਹੇ ਗੁਰਸਿੱਖ ! ਮੈਂ ਉਹਨਾਂ ਤੋਂ ਸਦਕੇ ਜਾਦਾ ਹਾਂ ਸਦਾ ਸਦਕੇ ਜਾਂਦਾ ਹਾਂ, ਜਿਨ੍ਹਾਂ ਪਿਆਰੇ ਗੁਰੂ ਦਾ ਦਰਸਨ ਕੀਤਾ ਹੈ, ਜਿਨ੍ਹਾਂ ਗੁਰੂ ਦੀ (ਦੱਸੀ) ਸੇਵਾ ਕੀਤੀ ਹੈ ।੩।

ਹੇ ਹਰੀ ! ਤੇਰਾ ਨਾਮ ਸਾਰੇ ਦੁੱਖ ਦੂਰ ਕਰਨ ਦੇ ਸਮਰਥ ਹੈ, (ਪਰ ਇਹ ਨਾਮ) ਗੁਰੂ ਦੀ ਸਰਨ ਪਿਆ ਹੀ ਮਿਲਦਾ ਹੈ । ਗੁਰੂ ਦੇ ਸਨਮੁਖ ਰਿਹਾਂ ਹੀ (ਸੰਸਾਰ-ਸਮੁੰਦਰ) ਤੋਂ) ਪਾਰ ਲੰਘ ਸਕਦਾ ਹੈ ।੪।

ਹੇ ਗੁਰਸਿੱਖ ! ਜੇਹੜੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ, ਉਹ ਮਨੁੱਖ (ਪਰਮਾਤਮਾ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦੇ ਹਨ । ਨਾਨਕ ਉਹਨਾਂ ਮਨੁੱਖਾਂ ਤੋਂ ਕੁਰਬਾਨ ਜਾਂਦਾ ਹੈ, ਸਦਾ ਸਦਕੇ ਜਾਂਦਾ ਹੈ ।੫।

# ਰਾਗ ਬਿਹਾਗ

## ਪੰਡਤ ਰਾਮ ਚੰਦਰ ਤਿਰਵੇਦੀ

ਪਰੀਚੇ :-

ਉਤਰੀ ਸੰਗੀਤ ਪੱਧਤੀ ਵਿਚ ਬਿਹਾਗ ਇੱਕ ਪ੍ਰਚੱਲਤ ਤੇ ਸਰਲ ਰਾਗੁ ਹੈ । ਮਧਿਅਮ ਤੀਵਰ ਦਾ ਪ੍ਰਯੋਗ ਪਹਿਲਾਂ ਵਿਵਾਦੀ ਸਵਰ ਵਜੋਂ ਕੀਤਾ ਜਾਂਦਾ ਸੀ ਪਰ ਹੁਣ ਮਧਿਅਮ ਤੀਬਰ ਦਾ ਪ੍ਰਯੋਗ ਜ਼ਿਆਦਾ ਪ੍ਰਚਾਰ ਵਿਚ ਹੈ । ਪ ਮੰ ਗ ਮ ਗ ਅਤੇ ਮੰ ਪ ਗ ਮ ਗ ਦੋਹਾਂ ਢੰਗਾਂ ਨਾਲ ਲਿਆ ਜਾਂਦਾ ਹੈ । ਵੈਸੇ ਮਧਿਅਮ ਤੀਵਰ ਪ੍ਰਯੋਗ ਤੋਂ ਬਿਨਾਂ ਵੀ ਗ ਮ ਪ, ਗ ਮ ਗ ਸਵਰ ਪ੍ਰਯੋਗ ਹੋਣ ਨਾਲ ਰਾਗੁ ਦਾ ਸਪੱਸ਼ਟ ਰੂਪ ਬਣਿਆ ਰਹਿੰਦਾ ਹੈ ।

| | | | | | |
|---|---|---|---|---|---|
| ਰਾਗੁ | - ਬਿਹਾਗ | ਥਾਟ | - | ਬਿਲਾਵਲ ਮਧਿਅਮ ਤੀਵਰ ਦੇ ਪ੍ਰਯੋਗ ਨਾਲ ਕਲਿਆਣ ਅੰਗ | |
| ਸਵਰ | - ਸਾਰੇ ਸ਼ੁਧ | ਵਰਜਿਤ ਸਵਰ | - | ਅਰੋਹ ਵਿਚ ਰਿਸ਼ਭ ਤੇ ਧੈਵਤ | |
| ਜਾਤੀ | - ਔੜਵ-ਸੰਪੂਰਨ | ਵਾਦੀ | - | ਗੰਧਾਰ | |
| ਸੰਵਾਦੀ | - ਨਿਸ਼ਾਦ | ਸਮਾਂ | - | ਰਾਤ ਦਾ ਦੂਜਾ ਪਹਿਰ | |
| ਆਰੋਹ | - ਨ਼ ਸ, ਗ ਮ ਪ, ਨ ਸੰ | ਅਵਰੋਹ | - | ਸੰ ਨ ਧ ਪ, ਮ ਗ, ਰ ਸ | |
| ਮੁੱਖ ਅੰਗ | - ਨ਼ਸ ਗਮ ਪ, ਗ ਮ ਗ, ਰਸ | | | | |

### ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਨ਼ੀ | ਸ | ਗ | ਮ | ਪ | ਪ | ਨੀ | ਨੀ | ਧਨੀ | ਸਾਂ | - | ਨੀਧ | ਪ | - | ਨੀ | ਨੀ |
| ਅ | ਤਿ | ਪ੍ਰੀ | - | ਤ | ਮ | ਮ | ਨ | ਮੋ- | - | - | ਹ | ਨਾ | - | ਘ | ਟ |
| ਧਨੀ | ਸਾਂ | ਨੀ | ਧ | ਪ | ਮੰ | ਗ | ਮ | ਪ | - | ਗ | ਮ | ਗ | - | ਸਾ | - |
| ਸੋ- | - | ਹ | ਨਾ | ਪ੍ਰਾ | - | ਨ | ਅ | ਧਾ | - | ਰਾ | - | ਰਾ | - | ਮ | - |
| ਸ਼ | - | ਗ | ਮ | ਪ | - | ਨੀ | - | ਧਨੀ | ਸਾਂ | ਨੀ | ਧ | ਪ | - | ਨੀ | ਨੀ |
| ਸੁੰ | - | ਦ | ਰ | ਸੋ | - | ਭਾ | - | ਲਾ- | - | ਲ | ਗੋ | ਪਾ | - | ਲ | ਦਇ |
| ਧਨੀ | ਸਾਂ | ਨੀ | ਧ | ਪ | ਮੰ | ਗ | ਮ | ਪ | - | ਗ | ਮ | ਗ | - | ਸਾ | - |
| ਆ- | - | ਲ | ਕੀ | ਅ | ਪ | ਰ | ਅ | ਪਾ | - | ਰਾ | - | ਰਾ | - | ਮ | - |

### ਅੰਤਰਾਂ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਗ | - | ਮ | ਪ | ਨੀ | - | ਨੀ | ਸਾਂ | ਸਾਂ | - | ਸਾਂ | ਸਾਂ | - | ਸਾਂ | ਸਾਂ |
| ਗੋ | ਪਾ | - | ਲ | ਦਇ | ਆ | - | ਲ | ਗੋ | ਬਿੰ | - | ਦ | ਲਾ | - | ਲ | ਨ |
| - | ਨੀ | ਨੀ | ਨੀ | ਨੀ | - | ਨੀ | ਨੀ | - | ਧਨੀ | ਸਾਂ | ਨੀਧ | ਪ | ਮੰ | ਗ | - |
| - | ਮਿ | ਲ | ਹੁ | ਕੰ | - | ਤ | ਨਿ | - | ਮਾ- | - | ਣੀ- | ਆ | - | - | - |
| ਨ਼ੀ | ਸ | ਗ | ਮ | ਪ | ਪ | ਨੀ | ਨੀ | ਧ | ਨੀ | ਸਾਂ | ਨੀਧ | ਪ | ਪ | ਪ | ਪ |
| ਨੈ | - | - | ਣ | ਤ | ਰ | ਸ | ਨ | ਦ | ਰ | - | ਸ- | ਪ | ਰ | ਸ | ਨ |
| ਗ | ਗ | ਗ | ਗ | ਗ | ਮ | ਪ | ਧ | ਪ | ਮੰ | ਗ | ਮ | ਗ | - | ਸਾ | - |
| ਨ | ਹ | ਨੀ | ਦ | ਰੈ | - | ਣਿ | ਵਿ | ਹਾ | - | - | ਣੀ | ਆ | - | - | - |

ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ ।

ਸਵਰਗੀ ਪੰਡਤ ਰਾਮ ਚੰਦਰ ਤਿਰਵੇਦੀ ਗੁਜਰਾਤੀ ਸਨ । ਉਹਨਾਂ ਦੀ ਪਤਨੀ ਸਿੰਧਣ ਬੀਬੀ ਸੀ । ਉਹ ਸਿੰਧੀਆਂ ਦੇ ਗੁਰਦੁਆਰੇ ਖਾਰ, ਬੰਬਈ ਵਿਖੇ ਕੀਰਤਨ ਕਰਦੇ ਸਨ । ਇਹ ਨੋਟੇਸਨ ਸ੍ਰ. ਅੱਛਰ ਸਿੰਘ ਬੰਬਈ ਜੋ 'ਅੰਮ੍ਰਿਤ ਕੀਰਤਨ' ਦੇ ਜੀਵਨ ਮੈਂਬਰ ਹਨ ਹੋਰਾਂ ਉੱਦਮ ਕਰਕੇ ਭੇਜੀ ਹੈ ।

# ਰਾਗ ਤਿਲੰਗ

ਪ੍ਰੋ. ਕਰਤਾਰ ਸਿੰਘ

ਪਰੀਚੇ :

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗੁ-ਤਰਤੀਬ ਵਿੱਚ ਇਸ ਰਾਗੁ ਨੂੰ ੧੪ਵਾਂ ਸਥਾਨ ਪ੍ਰਾਪਤ ਹੈ । ਬੜਾ ਪ੍ਰਸਿੱਧ ਤੇ ਸਰਲ ਰਾਗੁ ਹੈ । ਪੰਜਾਬ ਦੀਆਂ ਕਈ ਲੋਕ ਧੁਨਾਂ ਵੀ ਇਸ ਰਾਗੁ ਵਿੱਚ ਸੁਣੀਆਂ ਜਾਂਦੀਆਂ ਹਨ । ਗ ਮ ਪ ਨੁ ਪ ਮ ਗ ਸਵਰਾਂ ਦਾ ਪ੍ਰਯੋਗ ਇਸ ਰਾਗੁ ਵਿੱਚ ਬਹੁਤ ਮਹੱਤਵਪੂਰਨ ਹੈ । ਠੁਮਰੀ ਗਾਇਣ ਲਈ ਵੀ ਇਹ ਰਾਗੁ ਜ਼ਿਆਦਾ ਪ੍ਰਚੱਲਿਤ ਹੈ । ਖਮਾਜ ਇਸ ਦਾ ਨਿਕਟਵਰਤੀ ਰਾਗ ਹੈ । ਦੋਹਾਂ ਰਾਗਾਂ ਦਾ ਚਲਣ ਕਾਫੀ ਮਿਲਦਾ ਜੁਲਦਾ ਹੈ, ਪਰ ਖਮਾਜ ਵਿੱਚ ਰਿਸਭ ਤੇ ਧੈਵਤ ਦਾ ਪ੍ਰਯੋਗ ਹੁੰਦਾ ਹੈ ਅਤੇ ਇਸ ਵਿੱਚ ਨਹੀਂ ।

| | | | |
|---|---|---|---|
| ਰਾਗੁ | - ਤਿਲੰਗ | ਥਾਟ | - ਖਮਾਜ |
| ਸਵਰ | - ਦੋਨੋਂ ਨਿਸ਼ਾਦ ਹੋਰ ਸਭ ਸੁਧ | ਵਰਜਿਤ ਸਵਰ | - ਰਿਸ਼ਭ ਤੇ ਧੈਵਤ |
| ਜਾਤੀ | - ਔੜਵ-ਔੜਵ | ਵਾਦੀ | - ਗੰਧਾਰ ਸੰਵਾਦੀ - ਨਿਸ਼ਾਦ |
| ਸਮਾਂ | - ਰਾਤ ਦਾ ਦੂਜਾ ਪਹਿਰ । ਪਰ ਕੀਰਤਨਕਾਰ ਇਸ ਨੂੰ ਦਿਨ ਦਾ ਤੀਜਾ ਪਹਿਰ ਵੀ ਮੰਨਦੇ ਹਨ । | | |
| ਆਰੋਹ | - ਸ ਗ ਮ ਪ ਨੀ ਸਂ | ਅਵਰੋਹ | - ਸਂ ਨੁੀ ਪ ਮ ਗ ਸ |
| ਮੁੱਖ ਅੰਗ | - ਗ ਮ ਪ ਨੁ ਪ, ਮ ਗ | | |

ਤਿਲੰਗ ਮਹਲਾ ੪ (੭੨੫)

ਹਰਿ ਕੀਆ ਕਥਾ ਕਹਾਣੀਆ, ਗੁਰਿ ਮੀਤਿ ਸੁਣਾਈਆ ॥ ਬਲਿਹਾਰੀ ਗੁਰ ਆਪਣੇ, ਗੁਰ ਕਉ ਬਲਿ ਜਾਈਆ ॥੧॥
ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ ॥
ਹਰਿ ਕੇ ਗੁਣ ਹਰਿ ਭਾਵਦੇ, ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ, ਤਿਨ ਘੁਮਿ ਘੁਮਿ ਜਾਏ ॥੨॥
ਜਿਨ ਸਤਿਗੁਰੁ ਪਿਆਰਾ ਦੇਖਿਆ, ਤਿਨ ਕਉ ਹਉ ਵਾਰੀ ॥ ਜਿਨ ਗੁਰ ਕੀ ਕੀਤੀ ਚਾਕਰੀ, ਤਿਨ ਸਦ ਬਲਿਹਾਰੀ ॥੩॥
ਹਰਿ ਹਰਿ ਤੇਰਾ ਨਾਮੁ ਹੈ, ਦੁਖ ਮੇਟਣਹਾਰਾ ॥ ਗੁਰ ਸੇਵਾ ਤੇ ਪਾਈਐ, ਗੁਰਮੁਖਿ ਨਿਸਤਾਰਾ ॥੪॥
ਜੋ ਹਰਿ ਨਾਮੁ ਧਿਆਇਦੇ, ਤੇ ਜਨ ਪਰਵਾਨਾ ॥ ਤਿਨ ਵਿਟਹੁ ਨਾਨਕੁ ਵਾਰਿਆ, ਸਦਾ ਸਦਾ ਕੁਰਬਾਨਾ ॥੫॥
ਭਾਣਾ - ਆਗਿਆ । ਗੁਰਮੁਖਿ - ਸਤਿਗੁਰ ਰਾਹੀਂ ।

## ਰਾਗੁ ਤਿਲੰਗ ਤੀਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | ਅਸਥਾਈ | | ਗਮ | ਪਨੁ | ਪ | ਸਂ | ਨੁ | ਪ | ਗ | ਮ |
| | | | | | | | | ਆS | ਇS | ਮਿ | ਲੁ | ਗੁ | ਰ | ਸਿ | ਖ |
| ਗ | - | ਗਮ | ਪਮ | ਗ | - | ਸ | - | ਨ਼ | ਸ | ਗ | ਮ | ਪ | ਨੁ | ਪ | - |
| ਆ | S | ਇS | SS | ਮਿ | S | ਲੁ | S | ਤੂ | S | ਮੇ | ਰੇ | ਗੁ | ਰੁ | ਕੇ | S |
| ਸਂ | ਨੁ | ਪ | - | ਗਮ | ਪਮ | ਗਗ | ਸ | | | | | | | | |
| ਪਿ | ਆ | S | S | ਰੇS | SS | SS | S | | | | | | | | |
| x | | | | 2 | | | | 0 | | | | 3 | | | |
| | | | | | | ਅੰਤਰਾ | | ਗ | ਗ | ਮ | ਮ | ਪ | ਪ | ਨ | ਨ |
| | | | | | | | | ਹ | ਰਿ | ਕੀ | ਆ | ਕਾ | ਥਾ | S | ਕ |
| ਸਂ | - | - | ਸਂ | ਸਂ | - | ਨੁ | ਪ | ਸਂ | - | ਗਂ | ਮਂ | ਗਂ | - | ਸਂ | ਸਂ |
| ਹਾ | S | S | ਣੀ | ਆ | S | S | S | ਗੁ | S | ਰਿ | S | ਮੀ | S | ਤਿ | ਸੁ |
| ਸਂ | ਨੁ | ਪ | - | ਪਨੁ | ਪਮ | ਗਮ | ਗਸ | | | | | | | | |
| ਣਾ | S | ਈ | S | ਆ | SS | SS | SS | | | | | | | | |
| x | | | | 2 | | | | 0 | | | | 3 | | | |

(ਗੁਰਬਾਣੀ ਸੰਗੀਤ ਦਰਪਣ ਵਿੱਚੋਂ) (ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ)

# ਸੰਗੀਤ-ਲਿਪੀ ਚਿੰਨ੍ਹ



| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮਧੱ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮ॑ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| **XO 123** | X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਮਹੀਨਾ ਨਵੰਬਰ/ਕੱਤਕ

ਮੰਘਿਰ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥ ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

## ਗੁਰਪੁਰਬ

| | |
|---|---|
| ਪਾ: ੭ ਜੋਤੀ ਜੋਤਿ ਸਮਾਏ | ੪ ਨਵੰਬਰ |
| ਪਾ: ੮ ਗੁਰਗੱਦੀ ਮਿਲੀ | ੪ ਨਵੰਬਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ (ਨੰਦੇੜ) | ੧੨ ਨਵੰਬਰ |
| ਪਾ: ੧੦ ਜੋਤੀ ਜੋਤਿ ਸਮਾਏ | ੧੫ ਨਵੰਬਰ |
| ਪਾ: ੧ ਅਵਤਾਰ ਧਾਰਿਆ | ੨੫ ਨਵੰਬਰ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਪੰਜਾਬੀ ਸੂਬਾ ਦਿਵਸ | ੧ ਨਵੰਬਰ |
| ਦੀਵਾਲੀ | ੧੦ ਨਵੰਬਰ |
| ਟਿੱਕਾ ਭਾਈ ਦੂਜ | ੧੨ ਨਵੰਬਰ |
| ਵਿਸ਼ਵਕਰਮਾ ਜਯੰਤੀ | ੧੨ ਨਵੰਬਰ |
| ਮੇਲਾ ਅਚਲ (ਵਟਾਲਾ) | ੧੯ ਨਵੰਬਰ |
| ਮੇਲਾ ਰਾਮ ਤੀਰਥ (ਅੰਮ੍ਰਿਤਸਰ) | ੨੫ ਨਵੰਬਰ |
| ਸੰਮਤ ਨਾਨਕਸ਼ਾਹੀ ੫੨੯ ਸ਼ੁਰੂ | ੨੫ ਨਵੰਬਰ |

| | |
|---|---|
| ਸੰਮਤ ਬਿਕ੍ਰਮੀ | ੨੦੫੩ |
| ਸੰਮਤ ਨਾਨਕਸ਼ਾਹੀ | ੫੨੭-੨੮ |
| ਸੰਮਤ ਖਾਲਸਾ | ੨੯੮ |
| ਸੰਮਤ ਸ਼ਾਕਾ | ੧੯੧੮ |

**ਨਵੰਬਰ**
**NOV. 1996**

| | |
|---|---|
| ਮੱਸਿਆ | ੧੧ ਨਵੰਬਰ |
| ਸੰਗਰਾਂਦ | ੧੫ ਨਵੰਬਰ |
| ਪੰਚਮੀ | ੧੫ ਨਵੰਬਰ |
| ਪੂਰਨਮਾਸ਼ੀ | ੨੫ ਨਵੰਬਰ |

| | | | | | |
|---|---|---|---|---|---|
| ਐਤ SUN | ★ | ੩ ੧੯ ਕੱਤਕ ਕੱਤਕ ਵਦੀ ੮ | ੧੦ ੨੬ ਕੱਤਕ ਕੱਤਕ ਵਦੀ ੧੪ | ੧੭ ੩ ਮੱਘਰ ਕੱਤਕ ਸੁਦੀ ੭ | ੨੪ ੧੦ ਮੱਘਰ ਕੱਤਕ ਸੁਦੀ ੧੪ |
| ਸੋਮ MUN | ★ | ੪ ੨੦ ਕੱਤਕ ਕੱਤਕ ਵਦੀ ੯ | ੧੧ ੨੭ ਕੱਤਕ ਕੱਤਕ ਵਦੀ ੩੦ | ੧੮ ੪ ਮੱਘਰ ਕੱਤਕ ਸੁਦੀ ੮ | ੨੫ ੧੧ ਮੱਘਰ ਕੱਤਕ ਸੁਦੀ ੧੫ |
| ਮੰਗਲ TUE | ★ | ੫ ੨੧ ਕੱਤਕ ਕੱਤਕ ਵਦੀ ੧੦ | ੧੨ ੨੮ ਕੱਤਕ ਕੱਤਕ ਸੁਦੀ ੧-੨ | ੧੯ ੫ ਮੱਘਰ ਕੱਤਕ ਸੁਦੀ ੯ | ੨੬ ੧੨ ਮੱਘਰ ਮੱਘਰ ਵਦੀ ੧ |
| ਬੁੱਧ WED | ★ | ੬ ੨੨ ਕੱਤਕ ਕੱਤਕ ਵਦੀ ੧੦ | ੧੩ ੨੯ ਕੱਤਕ ਕੱਤਕ ਸੁਦੀ ੩ | ੨੦ ੬ ਮੱਘਰ ਕੱਤਕ ਸੁਦੀ ੧੦ | ੨੭ ੧੩ ਮੱਘਰ ਮੱਘਰ ਵਦੀ ੨ |
| ਵੀਰ THU | ★ | ੭ ੨੩ ਕੱਤਕ ਕੱਤਕ ਵਦੀ ੧੧ | ੧੪ ੩੦ ਕੱਤਕ ਕੱਤਕ ਸੁਦੀ ੪ | ੨੧ ੭ ਮੱਘਰ ਕੱਤਕ ਸੁਦੀ ੧੧ | ੨੮ ੧੪ ਮੱਘਰ ਮੱਘਰ ਵਦੀ ੩ |
| ਸ਼ੁੱਕਰ FRI | ੧ ੧੭ ਕੱਤਕ ਕੱਤਕ ਵਦੀ ੬ | ੮ ੨੪ ਕੱਤਕ ਕੱਤਕ ਵਦੀ ੧੨ | ੧੫ ੧ ਮੱਘਰ ਕੱਤਕ ਸੁਦੀ ੫ | ੨੨ ੮ ਮੱਘਰ ਕੱਤਕ ਸੁਦੀ ੧੨ | ੨੯ ੧੫ ਮੱਘਰ ਮੱਘਰ ਵਦੀ ੪ |
| ਸ਼ਨੀ SUN | ੨ ੧੮ ਕੱਤਕ ਕੱਤਕ ਵਦੀ ੭ | ੯ ੨੫ ਕੱਤਕ ਕੱਤਕ ਵਦੀ ੧੩ | ੧੬ ੨ ਮੱਘਰ ਕੱਤਕ ਸੁਦੀ ੬ | ੨੩ ੯ ਮੱਘਰ ਕੱਤਕ ਸੁਦੀ ੧੩ | ੩੦ ੧੬ ਮੱਘਰ ਮੱਘਰ ਵਦੀ ੫ |

**ਅਰਥ :** ਮੱਘਰ (ਦੇ ਠੰਢੇ-ਮਿੱਠੇ) ਮਹੀਨੇ ਵਿਚ ਉਹ ਜੀਵ-ਇਸਤ੍ਰੀਆਂ ਸੋਹਣੀਆਂ ਲੱਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ । ਜਿਨ੍ਹਾਂ ਨੂੰ ਮਾਲਕ-ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ, ਉਹਨਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ । ਸਤ-ਸੰਗੀ ਸਹੇਲੀਆਂ ਦੀ ਸੰਗਤਿ ਵਿਚ ਪ੍ਰਭੂ ਦੇ ਨਾਲ (ਚਿੱਤ ਜੋੜ ਕੇ) ਉਹਨਾਂ ਦਾ ਸਰੀਰ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ ।

ਪਰ ਜੇਹੜੀਆਂ ਜੀਵ-ਇਸਤ੍ਰੀਆਂ ਸਤਸੰਗੀਆਂ (ਦੀ ਸੰਗਤਿ) ਤੋਂ ਵਾਂਜੀਆਂ ਰਹਿੰਦੀਆਂ ਹਨ, ਉਹ ਇਕੱਲੀਆਂ (ਛੁੱਟੜ) ਹੀ ਰਹਿੰਦੀਆਂ ਹਨ (ਜਿਵੇਂ ਸੜੇ ਹੋਏ ਤਿਲਾਂ ਦਾ ਬੂਟਾ ਪੈਲੀ ਵਿਚ ਨਿਖਸਮਾ ਰਹਿੰਦਾ ਹੈ । ਇਕੱਲੀ ਨਿਖਸਮੀ ਜਿੰਦ ਨੂੰ ਵੇਖ ਕੇ ਕਾਮਾਦਿਕ ਕਈ ਵੈਰੀ ਆ ਕੇ ਘੇਰ ਲੈਂਦੇ ਹਨ, ਤੇ) ਉਹਨਾਂ ਦਾ (ਵਿਕਾਰਾਂ ਤੋਂ ਉਪਜਿਆਂ) ਦੁੱਖ ਕਦੇ ਲਹਿੰਦਾ ਨਹੀਂ, ਉਹ ਜਮਾਂ ਦੇ ਵੱਸ ਪਈਆਂ ਰਹਿੰਦੀਆਂ ਹਨ ।

ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਪਤੀ-ਪ੍ਰਭੂ ਦਾ ਸਾਥ ਮਾਣਿਆ ਹੈ, ਉਹ (ਵਿਕਾਰਾਂ ਦੇ ਹੱਲੇ ਵਲੋਂ) ਸਦਾ ਸੁਚੇਤ ਦਿੱਸਦੀਆਂ ਹਨ (ਵਿਕਾਰ ਉਹਨਾਂ ਉਤੇ ਚੋਟ ਨਹੀਂ ਕਰ ਸਕਦੇ, ਕਿਉਂਕਿ) ਪਰਮਾਤਮਾ ਦੇ ਗੁਣਾਨੁਵਾਦ ਉਹਨਾਂ ਦੇ ਹਿਰਦੇ ਵਿਚ ਪ੍ਰੋਤੇ ਰਹਿੰਦੇ ਹਨ, ਜਿਵੇਂ ਹੀਰੇ ਜਵਾਹਰ ਤੇ ਲਾਲਾਂ ਦਾ ਹਾਰ ਗਲ ਵਿਚ ਪਾਇਆ ਹੁੰਦਾ ਹੈ ।

ਨਾਨਕ ਉਹਨਾਂ ਸਤਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜੋ ਪ੍ਰਭੂ ਦੇ ਦਰ ਤੇ ਪਏ ਰਹਿੰਦੇ ਹਨ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ । ਮੱਘਰ ਵਿਚ ਪਰਮਾਤਮਾ ਦਾ ਸਿਮਰਨ ਕੀਤਿਆਂ ਮੁੜ ਜਨਮ ਮਰਨ ਦਾ ਗੇੜ ਨਹੀਂ ਵਾਪਰਦਾ ਹੈ ।੩੦।